# ਕੈਨੇਡਾ ਦਰਪਣ

ਅਪ੍ਰੈਲ 18, 1986

**April 18, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending April 18, 1986 Vol. 5 No. 15 Price 35¢ Out of Greater Vancouver 50¢ Ph. (604)581-4473

**ਅੰਦਰ ਪੜ੍ਹੋ —**

- ਵਿਸ਼ੇਸ਼ ਵਿਸਾਖੀ ਅੰਕ ਵਿਚ —
- ਵਿਸਾਖੀ ਦੇ ਮਹਾਨ ਪੁਰਬ ਦੀ ਮਹਾਨਤਾ
- ਜਲ੍ਹਿਆਂਵਾਲੇ ਬਾਗ਼ ਦਾ ਸੰਦੇਸ਼
- ਔਰਤ ਜ਼ਾਤ ਨਾਲ ਧੱਕਾ ਬਦਸਤੂਰ
- ਦੇਵਿੰਦਰ ਸਤਿਆਰਥੀ ਨਾਲ ਖੁੱਲ੍ਹੀਆਂ ਗੱਲਾਂ
- ਵੀਜ਼ਾ ਫੀਸ
- ਫਿਲਮ ਲੋਕ
- ਪੰਜਾਬ ਬਾਰੇ ਵਿਸ਼ੇਸ਼ ਸੰਪਾਦਕੀ

### ਲੁਧਿਆਣਾ ਸ਼ਹਿਰ ਦੇ

# ਮੰਦਰ ਵਿਚੋਂ ਤੇਜ਼ਾਬ ਦੀਆਂ ਬੋਤਲਾਂ ਬਰਾਮਦ

## ਸ਼ਿਵ ਸੈਨਾ ਦੇ 200 ਅਤੇ 400 ਸਿਖ ਗ੍ਰਿਫਤਾਰ

ਲੁਧਿਆਣਾ — ਇਥੇ ਸ਼ਹਿਰ ਦੇ ਇਕ ਮੰਦਰ ਵਿਚੋਂ ਪੁਲੀਸ ਨੇ ਤੇਜ਼ਾਬ ਦੀਆਂ ਬੋਤਲਾਂ ਅਤੇ ਵਿਸਫੋਟਕ ਪਦਾਰਥ ਫੜੇ। ਇਸ ਮੰਦਰ ਦੇ ਬਾਹਰ ਸ਼ਿਵ ਸੈਨਾ ਨਾਂ ਦੀ ਫਿਰਕੂ ਜਥੇਬੰਦੀ ਨੇ ਕਾਫੀ ਵੱਡਾ ਮੁਜ਼ਾਹਰਾ ਕੀਤਾ ਅਤੇ ਪੁਲਸ ਉਤੇ ਰੋੜੇ ਇੱਟਾਂ ਅਤੇ ਸੋਡੇ ਦੀਆਂ ਬੋਤਲਾਂ ਵੀ ਸੁੱਟੀਆਂ। ਜ਼ਿਲਾ ਅਧਿਕਾਰੀਆਂ ਅਨੁਸਾਰ ਕਰਫੀਊ ਵਿਚ ਖੁਲ੍ਹ ਦੇਣ ਸਮੇਂ ਸ਼ਿਵ ਸੈਨਾ ਦੇ ਵਰਕਰ ਪੁਲਸ ਨਾਲ ਉਲਝ ਪਏ।

ਪੁਲਸ ਨੇ ਸ਼ਿਵ ਸੈਨਾ ਦੇ 10 ਵਰਕਰ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਏ।

### ਪਟਿਆਲੇ ਵਿਚ ਕਰਫੀਊ

ਪਟਿਆਲੇ ਵਿਚ ਦੋਵਾਂ ਫਿਰਕਿਆਂ ਵਿਚ ਝਗੜੇ ਕਾਰਨ ਇਕ ਵਿਅਕਤੀ ਦੀ ਮੌਤ ਹੋਣ ਕਾਰਨ ਸ਼ਹਿਰ ਵਿਚ ਕਰਫੀਊ ਲਾਗੂ ਕਰ ਦਿਤਾ ਗਿਆ ਹੈ। ਤ੍ਰਿਪੜੀ ਦੇ ਇਲਾਕੇ ਵਿਚ ਫਿਰਕੂ ਤਣਾਅ ਲਗਾਤਾਰ ਬਣਿਆ ਹੋਇਆ ਹੈ। ਪਟਿਆਲੇ ਵਿਚ ਕਰਫੀਊ ਲੱਗਣ ਨਾਲ ਇਸ ਸਮੇਂ ਪੰਜਾਬ ਦੇ ਬਾਰਾਂ ਸ਼ਹਿਰ ਕਰਫੀਊ ਅਧੀਨ ਹਨ।

### ਅੰਮ੍ਰਿਤਸਰ ਵਿਚ ਦੋ ਕਤਲ

ਕੱਲ੍ਹ ਅੰਮ੍ਰਿਤਸਰ ਵਿਚ ਦੋ ਵਿਅਕਤੀ ਮਾਰੇ ਗਏ ਹਨ ਅਤੇ ਇਕ ਮੰਦਰ ਵਿਚੋਂ ਰਫਲਾਂ ਫੜੀਆਂ ਗਈਆਂ ਹਨ। ਤੀਹ ਸ਼ਿਵ ਸੈਨਾ ਦੇ ਵਰਕਰ ਇਥੇ ਗ੍ਰਿਫਤਾਰ ਕੀਤੇ ਜਾਣ ਦੀ ਵੀ ਖਬਰ ਹੈ।

### ਬਟਾਲੇ ਵਿਚ ਦੋ ਵਿਅਕਤੀ ਹਲਾਕ

ਬਟਾਲੇ ਵਿਚ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਸ਼ਹਿਰ ਵਿਚ ਦੋਵਾਂ ਫਿਰਕਿਆਂ ਵਿਚਕਾਰ ਤਣਾਅ ਲਗਾਤਾਰ ਬਣਿਆ ਹੋਇਆ ਹੈ। ਦੋ ਵਿਅਕਤੀ ਇਥੇ ਕਤਲ ਕਰ ਦਿਤੇ ਗਏ ਹਨ।

### ਖੰਨੇ ਵਿਚ ਤਿੰਨ ਕਤਲ

ਖੰਨਾ ਸ਼ਹਿਰ ਵਿਚ ਕਰਫਿਊ ਉਸੇ ਤਰ੍ਹਾਂ ਲਾਗੂ ਹੈ। ਖੰਨੇ ਵਿਚ ਤਿੰਨ ਵਿਅਕਤੀਆਂ ਦੇ ਹਲਾਕ ਕੀਤੇ ਜਾਣ ਦੀਆਂ ਖਬਰਾਂ ਹਨ। ਚੰਡੀਗੜ੍ਹ ਲਾਗੇ ਮੁਕਾਬਲੇ ਵਿਚ ਤਿੰਨ ਦਹਿਸ਼ਤਪਸੰਦਾਂ ਦੇ ਮਾਰੇ ਜਾਣ ਦੀ ਵੀ ਸੂਚਨਾ ਮਿਲੀ ਹੈ।

### 123 ਕਤਲ

ਮਾਰਚ ਦੇ ਪਹਿਲੇ ਹਫਤੇ ਤੋਂ ਹੁਣ ਤੱਕ 123 ਕਤਲ ਪੰਜਾਬ ਵਿਚ ਹੋ ਚੁੱਕੇ ਹਨ। ਇਨ੍ਹਾਂ ਵਿਚ ਦੋਵਾਂ ਫਿਰਕਿਆਂ ਦੇ ਲੋਕ ਸ਼ਾਮਲ ਹਨ।



## ਵਿਸਾਖੀ ਅੰਕ

ਸੋਨੇ ਵਰਗੀ ਮਿਹਨਤ ਸਾਡੀ - ਇਸਤੇ ਮਾਣ ਨਾ ਕਿੰਜ ਕਰੀਏ - ਇਹ ਸਾਡਾ ਜੀਵਨ ਹੈ ਅੜੀਏ - ਆਓ ਇਸ ਦੀ ਰਾਖੀ ਕਰੀਏ।

**PURI INSURANCE AGENCIES**

4543 Kingsway (Near Willingdon Ave.) Burnaby Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

MasterCard VISA

**AUTOPLAN 86 RENEWALS**

ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ

**An Autoplan Reminder —**

Leisure vans with modifications to the interior require a Special Equipment Endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.



ਅਮਰਜੀਤ ਕੌਰ ਪੁਰੀ

# ਨਵੀਂ ਕਾਰ ਦੀ ਖੁਸ਼ੀ ਨੇ ਚਾਰ ਜਾਨਾਂ ਲਈਆਂ

ਮਿਸ਼ਨ — ਪਿਛਲੇ ਦਿਨੀਂ ਇਕ ਨਵੀਂ ਨਿਕੋਰ ਕਮੈਰੋ ਸਾਹਮਣੇ ਆਉਂਦੇ ਪਿਕਅਪ ਟਰਕ ਨਾਲ ਟਕਰਾ ਗਈ ਤੇ ਜਿਸਦੇ ਸਿੱਟੇ ਵਜੋਂ ਚਾਰ ਵਿਅਕਤੀ ਮਾਰੇ ਗਏ ਤੇ ਤਿੰਨ ਗੰਭੀਰ ਰੂਪ ਵਿਚ ਜ਼ਖਮੀ ਹੋਏ। ਇਹ ਸਾਰੇ ਵਿਅਕਤੀ ਪੰਜਾਬੀ ਕਮਿਊਨਿਟੀ ਵਿਚੋਂ ਸਨ ਜੋ ਕਮੈਰੋ ਵਿਚ ਸਫਰ ਕਰ ਰਹੇ ਸਨ। ਪਿਕਅਪ ਦਾ ਡਰਾਈਵਰ 32 ਸਾਲਾ ਜੇਮਜ ਨੇਪਰਾਨਿਗ ਆਲਡਰਗਰੋਵ ਦਾ ਰਹਿਣ ਵਾਲਾ ਸੀ। ਦੂਜੇ ਮਾਰੇ ਜਾਣ ਵਾਲੇ ਵਿਅਕਤੀ ਸਨ ਵੈਨਕੂਵਰ ਦਾ ਗੁਰਚਰਨ ਸਿੰਘ ਦਿਆਲ, ਬਰਨਬੀ ਦਾ ਸੁੱਚਾ ਸਿੰਘ 20 ਸਾਲ ਅਤੇ ਕਲੀਅਰਬਰੁਕ ਦਾ ਪਰਸ਼ੋਤਮ ਸਿੰਘ ਗਿੱਲ 26 ਸਾਲ ਉਮਰ। ਜ਼ਖਮੀ ਹੋਣ ਵਾਲੇ ਵਿਅਕਤੀ ਹਨ ਮਲਕੀਅਤ ਕੰਦੋਲਾ ਡਰਾਈਵਰ ਉਮਰ 20 ਸਾਲ ਮਿਸ਼ਨ ਨਿਵਾਸੀ, ਮਨੋਹਰ ਕਾਲਰਾ 24 - ਵੈਨਕੂਵਰ ਦੇਵਿੰਦਰ ਗਿਲ 19, ਅਤੇ ਸੱਯਦ ਸ਼ਾਹ ਡਰੋਚ ਨਿਵਾਸੀ ਜੋ ਗੰਭੀਰ ਰੂਪ ਵਿਚ ਜ਼ਖਮੀ ਹੋਏ।

# ਹੋਟਲ 'ਚੋਂ ਕੱਢਣ ਕਰਕੇ ਆਤਮ ਹੱਤਿਆ ਕਰ ਲਈ

ਅਜ ਕੱਲ ਵੈਨਕੂਵਰ ਦੇ ਵੱਡੇ ਹੋਟਲਾਂ ਦੇ ਮਾਲਕ ਪੁਰਾਣੇ ਕਿਰਾਏਦਾਰਾਂ ਨੂੰ ਕੱਢ ਰਹੇ ਹਨ ਇਸ ਲਾਲਚ ਕਰਕੇ ਕਿ ਐਕਸਪੋ ਮੇਲੇ ਵਿਚ ਨਵੇਂ ਕਿਰਾਏਦਾਰਾਂ ਤੋਂ ਚੰਗੇ ਪੈਸੇ ਵਟੋਰਨਗੇ। ਇਸੇ ਤਰ੍ਹਾਂ ਜਦੋਂ ਇਕ ਹੋਟਲ ਮਾਲਕ ਨੇ 61 ਸਾਲਾ ਸਕੋਰੋ ਨੂੰ ਜਦੋਂ ਹੋਟਲ ਵਿਚੋਂ ਕੱਢ ਦਿਤਾ ਤਾਂ ਉਸ ਨੇ ਇਕ ਗਾਰਵੇਜ ਟਰੱਕ ਦੇ ਪਿਛਲੇ ਟਾਇਰਾਂ ਥੱਲੇ ਆਪਣੇ ਆਪ ਨੂੰ ਸੁੱਟਕੇ ਆਤਮ ਹੱਤਿਆ ਕਰ ਲਈ। 'ਡੇਗ' ਦੇ ਬੁਲਾਰੇ ਜਿਮ ਗਰੀਨ ਨੇ ਇਸ ਨੂੰ ਬੜੀ ਹੀ ਦੁਖ ਭਰੀ ਘਟਨਾ ਦੱਸਿਆ ਤੇ ਕੱਲ੍ਹ ਲਿਬਰਲ ਲੀਡਰ ਜਾਨ ਟਰਨਰ ਨਾਲ ਡਾਊਨ ਟਾਊਨ ਦਾ ਦੌਰਾ ਕੀਤਾ ਟਰਨਰ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਅਤੇ ਪ੍ਰੀਮੀਅਰ ਬਿਲ ਬੈਨਟ ਨਾਲ ਇਸ ਵਾਰੇ ਗਲਬਾਤ ਕਰੇਗਾ ਤੇ ਉਹਨਾਂ ਨੂੰ ਕਹੇਗਾ ਕਿ ਕੋਈ ਕਾਨੂੰਨ ਬਣਾਉਣ ਜਿਸ ਨਾਲ ਕਿਰਾਏਦਾਰਾਂ ਨੂੰ ਹੋਟਲਾਂ ਚੋਂ ਕੱਢਣੋਂ ਰੋਕਿਆ ਜਾ ਸਕੇ ਐਕਸਪੋ ਮੇਲੇ ਤੋਂ ਪਹਿਲਾਂ।

# ਕੋਰਟਵਾਲਡਹੀਮ ਤੇ ਨਾਜੀ ਸਬੰਧਾਂ ਦਾ ਦੋਸ਼

ਇਤਿਹਾਦੀ ਸਭਾ ਦਾ ਭੂਤਪੂਰਵ ਸਕੱਤਰ ਜਰਨਲ ਕੋਰਲਵਾਲਡਹੀਮ ਜੋ ਕਿ ਅਸਟਰੀਆ ਦੇ ਪ੍ਰਧਾਨਗੀ ਪਦ ਦਾ ਉਮੀਦਵਾਰ ਹੈ ਉਤੇ ਨਾਜੀਆਂ ਨਾਲ ਸੰਬੰਧ ਹੋਣ ਦੇ ਦੋਸ਼ ਲਾਏ ਗਏ ਹਨ। ਇਹ ਦੋਸ਼ ਯਹੂਦੀਆਂ ਦੀ ਨੈਸ਼ਨਲ ਕਾਂਗਰਸ ਨੇ ਲਾਏ ਹਨ ਉਹਨਾਂ ਨੇ ਕਿਹਾ ਹੈ ਕਿ ਕੋਰਟ ਵਾਲਡਹੀਮ ਨੇ ਦੂਜੀ ਸੰਸਾਰ ਜੰਗ ਸਮੇਂ ਯੂਨਾਨੀ ਯਹੂਦੀਆਂ ਨੂੰ ਕਤਲੇਆਮ ਲਈ ਆਸਟਰੀਆ ਵਿਚੋਂ ਨਿਕਾਸੀ ਲਈ ਨਾਜੀਆਂ ਦੀ ਮਦਦ ਕੀਤੀ ਸੀ ਜਦੋਂ ਕੋਰਟ ਨੇ ਇਹਨਾਂ ਦੋਸ਼ਾਂ ਨੂੰ ਨਿਰਮੂਲ ਕਰਾਰ ਦਿ ਤਾ ਹੈ।

# ਅਕੀਨੋ ਨੂੰ ਕਤਲ ਕਰਨ ਦੀ ਸਾਜ਼ਿਸ਼

ਮਨੀਲਾ — ਪੁਲੀਸ ਨੇ ਪ੍ਰਧਾਨ ਅਕੀਨੋ ਨੂੰ ਮਾਰਨ ਦੀ ਸਾਜ਼ਿਸ਼ ਰਚਣ ਕਾਰਨ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਜਿਸਨੂੰ ਕਿ ਇਸ ਕਤਲ ਲਈ ਖਰੀਦਿਆ ਗਿਆ ਸੀ। ਇਸ ਵਿਅਕਤੀ ਨੂੰ ਇਕ ਹੋਟਲ ਵਿਚੋਂ 6000 ਡਾਲਰ ਦੀ ਚੋਰੀ ਕਰਦੇ ਨੂੰ ਫੜਿਆ ਗਿਆ ਸੀ। ਮਾਰਚ 2 ਦੀ ਰੈਲੀ ਜਿਸ ਵਿਚ 1.5 ਮਿਲੀਅਨ ਲੋਕਾਂ ਦਾ ਇਕੱਠ ਸੀ ਉਹ ਸ੍ਰੀਮਤੀ ਅਕੀਨੋ ਨੂੰ ਕਤਲ ਕਰਨ ਗਿਆ ਪਰ ਉਸਨੇ ਮਨ ਬਦਲ ਲਿਆ ਜਦੋਂ ਕਿ ਉਹ ਸਿਰਫ ਕੁਝ ਗਜ਼ਾਂ ਦੀ ਵਿਥ ਉਤੇ ਪਹੁੰਚ ਗਿਆ ਸੀ। ਇਸ ਵਿਅਕਤੀ ਨੇ ਜਿਸਦਾ ਨਾਂ ਮਰਸੇਡ ਹੈ ਇੰਕਸ਼ਾਫ ਕੀਤਾ ਕਿ ਉਸਨੂੰ 24,390 ਡਾਲਰ ਦੇਣ ਦਾ ਸੌਦਾ ਸੀ।

## ਖੁਸਰਿਆਂ ਨੇ ਨੇਤਾ ਚੁਣਿਆ

ਪਿਛਲੇ ਦਿਨੀਂ ਭੁਪਾਲ ਵਿਚ ਤਿਨ ਹਜ਼ਾਰ ਖੁਸਰਿਆਂ ਨੇ ਜਲੂਸ ਕੱਢਿਆ ਇਹ ਜਲੂਸ ਨਵੇਂ ਚੁਣੇ ਨੇਤਾਵਾਂ ਦੀ ਖੁਸ਼ੀ ਵਿਚ ਕੱਢਿਆ ਗਿਆ। ਨੇਤਾਵਾਂ ਦਹੇ ਨਾਂ ਹਨ 'ਨਿਸਾਰ' ਅਤੇ ਬਿਸਮਿਲਾ ਜੋ 77 ਤੇ 55 ਸਾਲਾਂ ਦੀ ਉਮਰ ਦੇ ਹਨ। ਖੁਸਰੇ ਜਿਨ੍ਹਾਂ ਦੀ ਗਿਣਤੀ ਭਾਰਤ ਵਿਚ ਲਗਭਗ ਦਸ ਲੱਖ ਦੇ ਕਰੀਬ ਹੈ ਉਹਨਾਂ ਨੂੰ ਪੁਲੀਸ ਜਬਰ ਦਾ ਸਾਹਮਣਾ ਕਰਨਾ ਪੈਂਦਾ ਹੈ।

# ਵਿਨੀਪੈਗ ਵਿਚ ਗੁਰਨਾਮ ਸਿੰਘ ਧਾਲੀਵਾਲ ਦਾ ਦਰਦਨਾਕ ਕਤਲ

ਵਿਨੀਪੈਗ — ਸ਼ਹਿਰ ਵਿਚ ਉਸ ਸਮੇਂ ਖਾਮੋਸ਼ੀ ਛਾ ਗਈ ਜਦ ਟੈਕਸੀ ਚਲਾਉਣ ਵਾਲੇ ਗੁਰਨਾਮ ਸਿੰਘ ਧਾਲੀਵਾਲ ਦੀ ਲਾਸ਼ ਇਕ ਖੱਡ ਵਿਚੋਂ ਲੱਭੀ। ਲਾਸ਼ ਇਕ ਕਾਮੇ ਨੇ ਕੰਮ ਤੋਂ ਪਰਤਦਿਆਂ ਪਾਣੀ ਵਿਚ ਦੇਖੀ।

ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਇਕ ਘਟਨਾ ਸ਼ਨਿਚਰਵਾਰ ਵਾਪਰੀ ਜਦੋਂ ਸ੍ਰੀ ਧਾਲੀਵਾਲ ਨੇ ਕਿਸੇ ਵਿਅਕਤੀ ਨੂੰ ਟੈਕਸੀ ਤੇ ਚੁਕਿਆ ਜਿਸਦਾ ਐਡਰੈਸ ਗਲਤ ਲਿਖਾਇਆ ਹੋਇਆ ਸੀ।

ਇਕ ਪੁਲਸ ਕਰਮਚਾਰੀ ਅਨੁਸਾਰ ਸੋਮਵਾਰ ਨੂੰ ਸ੍ਰੀ ਧਾਲੀਵਾਲ ਦੀ ਲਾਸ਼ ਬਾਰੇ ਫੋਨ ਉਤੇ ਪਤਾ ਲੱਗਿਆ। ਲਾਸ਼ ਉਤਰੀ-ਪੱਛਮੀ ਹਿੱਸੇ ਵਿਚ ਰੈਡ ਰਿਵਰ ਕਮਿਊਨਿਟੀ ਕਾਲਜ ਲਾਗੇ ਪਾਣੀ ਦੀ ਭਰੀ ਹੋਈ ਖੱਡ ਵਿਚੋਂ ਮਿਲੀ।

ਸ੍ਰੀ ਧਾਲੀਵਾਲ 42 ਸਾਲ ਉਮਰ ਦੇ ਸਨ ਅਤੇ ਟੈਕਸੀ ਚਲਾਉਂਦੇ ਸਨ।

ਵਿੰਨੀਪੈਗ ਦੇ ਟੈਕਸੀ ਡਰਾਈਵਰਾਂ ਵਿਚ ਸਹਿਮ ਅਤੇ ਡਰ ਫੈਲਣ ਦੀਆਂ ਖਬਰਾਂ ਮਿਲੀਆਂ ਹਨ। ਪਤਾ ਲੱਗਾ ਹੈ ਕਿ ਰਾਤ ਨੂੰ ਟੈਕਸੀਆਂ ਦੀ ਗਿਣਤੀ ਕਾਫੀ ਘੱਟ ਗਈ ਹੈ।

ਇਕ ਸੂਚਨਾ ਅਨੁਸਾਰ ਸ: ਗੁਰਨਾਮ ਸਿੰਘ ਧਾਲੀਵਾਲ ਈਸਟ ਇੰਡੀਅਨ ਵਰਕਰਜ਼ ਐਸੋ: ਵਿੰਨੀਪੈਗ ਦੇ ਮੋਢੀ ਮੈਂਬਰ ਸ੍ਰੀ ਰਜਿੰਦਰ ਸਿੰਘ ਧਾਲੀਵਾਲ ਦੇ ਚਾਚਾ ਜੀ ਸਨ।



'ਕੈਨੇਡਾ ਦਰਪਣ' ਸ੍ਰੀ ਗੁਰਨਾਮ ਸਿੰਘ ਧਾਲੀਵਾਲ ਦੀ ਅਚਾਨਕ ਮੌਤ ਉਤੇ ਧਾਲੀਵਾਲ ਪ੍ਰਵਾਰ ਦੇ ਦੁੱਖ ਵਿਚ ਸ਼ਾਮਲ ਹੈ।

# ਪ੍ਰਮਾਣੂ ਹਥਿਆਰਾਂ ਦੇ ਵਿਰੋਧੀ ਗ੍ਰਿਫਤਾਰ

ਲਾਸ ਵੇਗਾਸ — ਕਲ ਜਦੋਂ ਕਿ ਅਮਰੀਕਾ ਨਵਾਂ ਪ੍ਰਮਾਣੂ ਧਮਾਕਾ ਕਰਨ ਵਾਲਾ ਸੀ ਛੇ ਵਿਖਾਵਾਕਾਰੀ ਪ੍ਰਮਾਣੂੰ ਧਮਾਕੇ ਵਾਲੀ ਥਾਂ ਉਤੇ ਪਹੁੰਚ ਗਏ ਜਿਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਟੈਸਟ ਵਾਲੀ ਜਗ੍ਹਾ ਉਹਨਾਂ ਗਰਮ ਹਵਾ ਵਾਲੇ ਗੁਬਾਰੇ ਛੱਡੇ ਪ੍ਰਮਾਣੂ ਟੈਸਟ ਦਾ ਵਿਰੋਧ ਕਰਨ ਲਈ ਇਹ ਟੈਸਟ ਕਰਨ ਵਾਲੀ ਜਗਾ ਅਮਰੀਕਾ ਦੇ ਇਕ ਰਾਜ ਨਵੇਦਾ ਵਿਚ ਹੈ ਇਹ ਟੈਸਟ ਖੇਤਰ 3495 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਅਮਰੀਕਾ ਨੇ ਇਹ ਪ੍ਰਮਾਣੂ ਟੈਸਟ ਕੁਝ ਚਿਰ ਲਈ ਅਗੇ ਪਾ ਦਿਤਾ ਹੈ।

# ਪਿੱਕਰਾਂ ਦੀ ਲੋੜ

ਸਾਨੂੰ ਪਿਕਰਾਂ ਦੀ ਲੋੜ ਹੈ। ਸਾਡੇ ਫਾਰਮ ਵਿਚ ਰਸ ਬੇਰੀ, ਸਟਰਾਅ ਬੇਰੀ, ਗੋਭੀ, ਬਰੌਕਲੀ ਅਤੇ ਸਪਰੋਟਾਂ ਦਾ ਕੰਮ ਹੁੰਦਾ ਹੈ। ਪੂਰਾ ਸੀਜਨ ਕੰਮ ਚਲੇਗਾ। ਕੰਮ ਜੂਨ ਤੋਂ ਦਸੰਬਰ ਤੱਕ ਹੋਵੇਗਾ। ਪਿਕਰਾਂ ਦੇ ਰਹਿਣ ਲਈ ਕੈਬਨਾਂ ਦਾ ਵੀ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

ਗੁਰਮੀਤ ਸਿੰਘ

ਫ਼ੋਨ : 856-7555

853-9319

ਜਦੋਂ ਹਥੌੜੇ ਨਾਲ ਮਾਰੀਏ, ਫ਼ੈਲਦਾ ਹੈ,  
ਠੰਢ ਵਿਚ ਰੱਖਿਆ ਲੋਹਾ ਸਦਾ ਸੁੰਗੜਦਾ ਹੈ।

# ਸਾਹਿਤਕ ਰੀਪੋਰਟ

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ 30 ਮਾਰਚ 1986 ਨੂੰ ਲਿਟਲ ਮਾਊਂਟੇਨ ਨੇਬਰਹੁਡ ਹਾਊਸ ਵਿਚ ਹੋਈ ਜਿਸ ਵਿਚ ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਅਜਮੇਰ ਰੋਡੇ, ਸਾਧੂ, ਸੁਰਜੀਤ ਕਲਸੀ, ਸੂਫੀ ਅਮਰਜੀਤ, ਮਹਿੰਦਰ ਸੂਮਲ, ਸੁਖਵੰਤ ਹੁੰਦਲ, ਗੁਰਚਰਨ ਟੱਲੇਵਾਲੀਆ, ਇਕਬਾਲ ਕਾਹਲੋਂ, ਮਨਜੀਤ ਮੀਤ, ਸੋਹਣ ਸੁਰਿੰਦਰ ਸੰਘਾ, ਰਵਿੰਦਰ ਰਵੀ ਤੇ ਚਰਨ ਸਿੰਘ ਵਿਰਦੀ ਨੇ ਭਾਗ ਲਿਆ।

ਸਭਾ ਦੀ ਪ੍ਰਧਾਨਗੀ ਯੂਬਾ ਸਿਟੀ ਤੋਂ ਆਏ ਲੇਖਕ ਜਸਪਾਲ ਸੂਸ ਨੇ ਕੀਤੀ ਜੋ ਕਿ ਨਾਰਥ ਅਮਰੀਕਾ ਦੀ ਪੰਜਾਬੀ ਕਵਿਤਾ ਛਾਪਣ ਦਾ ਪ੍ਰਸਤਾਵ ਲੈ ਕੇ ਇਥੋਂ ਦੇ ਸਾਹਿਤਕਾਰਾਂ ਨੂੰ ਮਿਲਣ ਆਏ ਹੋਏ ਸਨ।

ਸਭਾ ਦੀ ਕਾਰਵਾਈ ਦੇ ਸ਼ੁਰੂ ਵਿਚ ਦਰਸ਼ਨ ਗਿੱਲ ਨੇ ਪਾਕਿਸਤਾਨ (ਲਾਹੌਰ) ਵਿਚ ਸੰਸਾਰ ਪੰਜਾਬੀ ਕਾਨਫਰੰਸ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਦੱਸਿਆ ਕਿ ਫਖਰ ਜ਼ਮਾਨ ਵਲੋਂ ਸਾਰੇ ਲੇਖਕਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ ਜੋ 26 ਅਪ੍ਰੈਲ ਤੋਂ 28 ਅਪ੍ਰੈਲ ਤੱਕ ਹੋ ਰਹੀ ਹੈ। ਸਭਾ ਵਲੋਂ ਕਾਨਫਰੰਸ ਨੂੰ ਸ਼ੁਭ ਇਛਾਵਾਂ ਭੇਜਣ ਦਾ ਮਤਾ ਸਰਬ-ਸੰਮਤੀ ਨਾਲ ਪੇਸ਼ ਕੀਤਾ ਗਿਆ।

ਇਸ ਪਿਛੋਂ ਅਜਮੇਰ ਰੋਡੇ ਨੇ ਆਪਣੀ ਨਵੀਂ ਕਵਿਤਾ 'ਦਰੋਪਤੀ' ਪੜ੍ਹੀ ਜਿਸ ਵਿਚ ਜਾਤੀ ਮਿਥਿਹਾਸ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ।

ਚਰਨ ਵਿਰਦੀ ਨੇ ਇਕ ਕਾਵਿ-ਸੰਵਾਦ 'ਸੁਨਯਬੋਧ' ਪੜ੍ਹਿਆ। ਇਸ ਪਿਛੋਂ ਰਵਿੰਦਰ ਰਵੀ ਨੇ ਦੋ ਕਵਿਤਾਵਾਂ ਪੜ੍ਹੀਆਂ।

ਸੁਖਵੰਤ ਹੁੰਦਲ ਨੇ ਰੇਡੀਓ ਪਰੋਗਰਾਮ ਬਾਰੇ ਜਾਣਕਾਰੀ ਦਿਤੀ ਜਿਹੜਾ ਕਿ ਹਰ ਸ਼ਨਿਚਰਵਾਰ ਕੋ-ਆਪ ਰੇਡੀਓ ਤੋਂ ਸ਼ਾਮ ਦੇ 5.20 ਉਤੇ ਪਰਸਾਰਤ ਕੀਤਾ ਜਾਂਦਾ ਹੈ।

ਇਸ ਪਿੱਛੋਂ ਅਜਮੇਰ ਰੋਡੇ ਨੇ ਪਾਕਿਸਤਾਨੀ ਡਰਾਮੇ 'ਵਾਰਿਸ' ਬਾਰੇ ਰੀਵੀਊ ਅੰਗਰੇਜ਼ੀ ਵਿਚ ਪੜ੍ਹਿਆ ਜਿਹੜਾ ਕਿ ਟਰਾਂਟੋ ਦੇ ਸਾਊਥ ਏਸ਼ੀਅਨ ਰੀਵੀਊ ਵਾਸਤੇ ਲਿਖਿਆ ਗਿਆ।

ਪੰਜਾਬੀ ਲੇਖਕ ਮੰਚ ਦੀ ਅਗਲੀ ਮੀਟਿੰਗ 19 ਅਪ੍ਰੈਲ ਨੂੰ ਸ਼ਾਮ ਦੇ ਚਾਰ ਵਜੇ ਹੋਵੇਗੀ। ਮੈਂਬਰਾਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਦਾ ਸੱਦਾ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ —  
ਗੁਰਚਰਨ ਟੱਲੇਵਾਲੀਆ - ਫੋਨ :

ਪੰਜਾਬੀ ਲੇਖਕ ਮੰਚ ਵਲੋਂ  
ਸੁਰਜੀਤ ਕਲਸੀ

# ਸਮਾਜਕ ਬਾਈਕਾਟ ਹੋਣ 'ਤੇ ਪੋਹੀਰ ਦੇ ਹਰੀਜਨ ਪ੍ਰੇਸ਼ਾਨ

ਲੁਧਿਆਣਾ, 29 ਮਾਰਚ (ਵਿਸ਼ੇਸ਼ ਪ੍ਰਤੀਨਿਧ) - ਪਿੰਡ ਪੋਹੀਰ ਦੇ ਹਰੀਜਨਾਂ ਨੇ ਦੋਸ਼ ਲਾਇਆ ਹੈ ਕਿ ਪਿੰਡ ਦੇ ਜੱਟਾਂ ਨੇ ਉਨ੍ਹਾਂ ਦਾ ਸਮਾਜਕ ਬਾਈਕਾਟ ਕੀਤਾ ਹੋਇਆ ਹੈ ਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੂੰ ਦਿੱਤੇ ਗਏ ਇਕ ਮੈਮੋਰੰਡਮ ਵਿਚ ਇਨ੍ਹਾਂ ਹਰੀਜਨਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ 21 ਮਾਰਚ ਤੋਂ ਖੇਤਾਂ ਵਿਚ ਨਹੀਂ ਜਾਣ ਦਿੱਤਾ ਜਾ ਰਿਹਾ। ਪਤਾ ਲੱਗਾ ਹੈ ਕਿ ਇਹ ਮਾਮਲਾ ਜੱਟਾਂ ਦੇ ਮੁੰਡੇ ਵਲੋਂ ਹਰੀਜਨਾਂ ਦੀ ਕੁੜੀ ਨਾਲ ਕਥਿਤ ਤੌਰ ਉਤੇ ਛੇੜਖਾਨੀ ਕਰਨ ਤੋਂ ਪੈਦਾ ਹੋਇਆ।

ਹਰੀਜਨਾਂ ਨੇ ਜ਼ਿਲਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਪੁਲੀਸ ਸੁਰੱਖਿਆ ਦਿੱਤੀ ਜਾਵੇ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE




NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.

# ਦੇਸ਼ ਵਾਪਸੀ ਤੇ ਬੇਨਜ਼ੀਰ ਦਾ ਲਾਹੌਰ ਵਿਚ ਬੇਨਜ਼ੀਰ ਸਵਾਗਤ



ਇਸਲਾਮਾਬਾਦ — ਬੇਨਜ਼ੀਰ ਭੁੱਟੋ ਜੋ ਪਾਕਿਸਤਾਨ ਦੇ ਭੂਤਪੂਰਵ ਪ੍ਰਧਾਨ ਮੰਤਰੀ ਸ੍ਰੀ ਜ਼ੁਲਫੀਕਾਰ ਅਲੀ ਭੁਟੋ ਦੀ ਸਪੁਤਰੀ ਹੈ ਆਪਣੇ ਦੋ ਸਾਲ ਦੇ ਦੇਸ਼ ਨਿਕਾਲੇ ਪਿਛੋਂ ਅਜ ਪਾਕਿਸਤਾਨ ਪੁੱਜੀ। ਲਾਹੌਰ ਵਿਚ ਉਸਦੇ ਪੁੱਜਣ ਤੇ ਲੋਕਾਂ ਨੇ ਨਿੱਘਾ ਸਵਾਗਤ ਕੀਤਾ। ਉਸਦੇ ਰਾਹ ਵਿਚ ਲੋਕ ਝੰਡੀਆਂ ਚੁੱਕੀ ਖੜੇ ਸਨ ਅਤੇ ਬੇਨਜ਼ੀਰ ਦੇ ਹੱਕ ਵਿਚ ਨਾਹਰੇ ਲਾ ਰਹੇ ਸਨ। ਬੇਨਜ਼ੀਰ ਜੋ ਕਿ 33 ਸਾਲਾਂ ਦੀ ਹੈ ਮਾਹਿਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੀ 'ਅਕੀਨੋ' ਬਣੇਗੀ ਇਕ ਦਿਨ। ਜ਼ਿਆ ਸਰਕਾਰ ਨੇ ਇਸਨੂੰ ਜਲਾਵਤਨ ਕਰੀ ਰਖਿਆ ਸੀ ਹੁਣ ਉਹ ਜਲਸੇ ਜਲੂਸਾਂ ਵਿਚ ਹਿਸਾ ਲੈ ਸਕੇਗੀ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਐਗਜ਼ੈਕਟਿਵ ਮੈਂਬਰ ਮਿਰਾਜ ਖਾਲਿਦ ਦਾ ਕਹਿਣਾ ਕਿ ਅਸੀਂ ਜ਼ਿਆ ਨੂੰ ਕੋਈ ਐਸਾ ਮੌਕਾ ਨਹੀਂ ਦੇਣਾ ਚਾਹੁੰਦੇ ਜਿਸਦਾ ਬਹਾਨਾ ਲੈ ਕੇ ਉਹ ਮਿਲਟਰੀ ਰਾਜ ਨੂੰ ਮੁੜ ਲਾਗੂ ਕਰ ਦੇਵੇ। ਅਸੀਂ ਚਾਹੁੰਦੇ ਹਾਂ ਅਸੀਂ ਅਮਨ ਭਰਪੂਰ ਅਤੇ ਅਹਿੰਸਾ ਭਰਪੂਰ ਸੰਘਰਸ਼ ਜਾਰੀ ਰੱਖੀਏ ਜਿਸ ਨਾਲ ਹੀ ਸਾਨੂੰ ਸਫਲਤਾ ਮਿਲ ਸਕਦੀ ਹੈ। ਜਿਵੇਂ ਕਿ ਸ੍ਰੀਮਤੀ ਅਕੀਨੋ ਨੂੰ ਫਿਲਪੀਨ ਵਿਚ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚ ਮੂਲਵਾਦੀ ਮੁਸਲਮਾਨ ਬੇਨਜ਼ੀਰ ਦਾ ਸਾਥ ਨਹੀਂ ਦੇਣਗੇ ਜਿਵੇਂ ਕਿ ਫਿਲਪੀਨ ਵਿਚ ਚਰਚਾ ਦੇ ਪਾਦਰੀ ਅਕੀਨੋ ਦੇ ਨਾਲ ਸਨ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਬੇਨਜ਼ੀਰ ਕਿੰਨੀ ਕੁ ਬੇਨਜ਼ੀਰ ਹੈ ਪਾਕਿਸਤਾਨ ਲਈ

# ਭਗੌੜਾ ਚਾਰਲਸ ਸੋਭਰਾਜ ਫਿਰ ਗ੍ਰਿਫਤਾਰ



ਪਿਛਲੇ ਦਿਨੀਂ ਦਿੱਲੀ ਦੀ ਤਿਹਾੜ ਜੇਲ ਵਿਚੋਂ ਬੜੇ ਹੀ ਡਰਾਮਈ ਢੰਗ ਨਾਲ ਫਰਾਰ ਹੋਣ ਵਾਲਾ ਅੰਤਰਰਾਸ਼ਟਰੀ ਠੱਗ ਤੇ ਕਈ ਕਤਲਾਂ ਵਿਚ ਲੋੜੀਂਦਾ ਚਾਰਲਸ ਸੋਭਰਾਜ ਬੰਬਈ ਵਿਚ ਮੁੜ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ 41 ਸਾਲਾ ਵੀਅਤਨਾਮ ਵਿਚ ਜੰਮਿਆ ਫਰਾਂਸੀਸੀ ਨਾਗਰਿਕ ਮਾਰਚ 16 ਨੂੰ ਦਿੱਲੀ ਦੇ ਜੇਲ ਅਧਿਕਾਰੀਆਂ ਨੂੰ ਭੰਗ ਆਦਿ ਖਿਲਾਕੇ ਨੱਸ ਗਿਆ ਸੀ। ਇਹ 1976 ਵਿਚ ਭਾਰਤ ਵਿਚ ਫੜਿਆ ਗਿਆ ਸੀ ਇਸਤੇ ਫਰਾਂਸੀਸੀ ਸੈਲਾਨੀਆਂ ਨੂੰ ਨਸ਼ੀਲੀਆਂ ਚੀਜ਼ਾਂ ਖਿਲਾਕੇ ਉਹਨਾਂ ਨੂੰ ਲੁਟਣ ਦਾ ਦੋਸ਼ ਸੀ। ਉਸਨੂੰ ਦੋ ਸਾਲ ਦੀ ਸਜ਼ਾ ਹੋਈ।

ਇਹ ਧਨੀ ਯਾਤਰੂਆਂ ਨਸ਼ੇ ਵਾਲੀਆਂ ਚੀਜ਼ਾਂ ਖਾਣ ਲਈ ਦੇ ਕੇ ਲੁੱਟਦਾ ਅਤੇ ਕਤਲ ਕਰ ਦਿੰਦਾ ਸੀ। ਇਸ ਉਤੇ ਲਗਭਗ ਦਸ ਦੇਸ਼ਾਂ ਵਿਚ ਪੰਦਰਾਂ ਕਤਲਾਂ ਅਤੇ ਹੋਰ ਕਈ ਤਰ੍ਹਾਂ ਦੇ ਜ਼ੁਰਮਾਂ ਦੇ ਦੋਸ਼ ਲੱਗੇ ਹੋਏ ਹਨ। ਸੋਭਰਾਜ ਦੇ ਜੇਲ੍ਹ ਤੋੜਕੇ ਨੱਠਣ ਕਾਰਨ ਸੱਤ ਜੇਲ ਅਧਿਕਾਰੀ ਅਤੇ ਡਿਪਟੀ ਜੇਲ ਸੁਪਰਡੈਂਟ ਵੀ ਡੀ ਪੁਸ਼ਕਰਨਾ ਆਦਿ ਗ੍ਰਿਫਤਾਰ ਹਨ।

# 6 ਪੁਲਸੀਏ ਜਲੰਧਰ ਦੀ ਕਚਹਿਰੀ ਵਿਚ ਗੋਲੀਆਂ ਦਾ ਸ਼ਿਕਾਰ

ਜਲੰਧਰ — ਜਲੰਧਰ ਸ਼ਹਿਰ ਵਿਚ ਉਸ ਸਮੇਂ ਸਨਸਨੀ ਫੈਲ ਗਈ ਜਦ ਜਲੰਧਰ ਦੀ ਕਚਹਿਰੀ ਵਿਚ ਛੇ ਪੁਲਸ ਵਾਲੇ ਦਿਨ ਦਿਹਾੜੇ ਸਟੇਨ ਗੰਨਾਂ ਨਾਲ ਭੁੰਨ ਦਿਤੇ ਗਏ।

ਇਹ ਘਟਨਾ ਉਸ ਸਮੇਂ ਵਾਪਰੀ ਜਦ ਜਲੰਧਰ ਦੇ ਅਖਬਾਰਾਂ ਦੇ ਮਾਲਕ ਰਾਮੇਸ਼ ਚੰਦਰ ਦੇ ਕਥਿਤ ਕਾਤਲਾਂ ਨੂੰ ਕਚਹਿਰੀ ਵਿਚ ਪੇਸ਼ੀ ਲਈ ਲਿਆਂਦਾ ਗਿਆ।

ਕਥਿਤ ਦੋਸ਼ੀਆਂ ਨਾਲ 22 ਪੁਲਸੀਆਂ ਦੀ ਗਾਰਦ ਸੀ ਪਰ ਚਾਰ ਦਹਿਸ਼ਤਪਸੰਦਾਂ ਨੇ ਸਟੇਨ ਗੰਨਾਂ ਨਾਲ ਹਮਲਾ ਕਰਕੇ ਛੇ ਪੁਲਸ ਵਾਲੇ ਥਾਂ ਉਤੇ ਮਾਰ ਦਿਤੇ ਅਤੇ ਬਾਕੀ ਪੁਲਸ ਵਾਲੇ ਭੱਜ ਨਿਕਲੇ।

ਦਹਿਸ਼ਤਪਸੰਦ ਕਥਿਤ ਦੋਸ਼ੀਆਂ ਨੂੰ ਵੀ ਭਜਾ ਕੇ ਨਾਲ ਲੈ ਗਏ।

ਇਥੋਂ ਤੱਕ ਕਿ ਦਹਿਸ਼ਤਪਸੰਦ ਜਾਂਦੇ ਜਾਂਦੇ ਪੁਲਸੀਆਂ ਦੀਆਂ ਰਫਲਾਂ ਵੀ ਚੁੱਕ ਕੇ ਲੈ ਗਏ।

ਦਰਸ਼ਕਾਂ ਅਨੁਸਾਰ ਪੰਜਾਬ ਪੁਲੀਸ ਵਿਚ ਮੁਕੰਮਲ ਨਿਰਾਸਤਾ ਛਾ ਚੁੱਕੀ ਹੈ ਪੰਜਾਬ ਪੁਲੀਸ ਵਾਲੇ ਕਿਸੇ ਸ਼ਹਿਰੀ ਨੂੰ ਕੀ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ ਜਦ ਦਿਨ ਦਿਹਾੜੇ ਪੁਲਸ ਆਪਣੀ ਸੁਰੱਖਿਆ ਆਪ ਨਹੀਂ ਕਰ ਸਕਦੀ।

# ਕੌਮੀ ਏਕਤਾ ਕੌਂਸਲ ਦਾ ਪੁਨਰਗਠਨ

ਨਵੀਂ ਦਿੱਲੀ — ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਭੰਗ ਹੋਈ ਕੌਮੀ ਏਕਤਾ ਕੌਂਸਲ ਨੂੰ ਪੁਨਰ-ਸੁਰਜੀਤ ਕਰ ਲਿਆ ਹੈ। ਇਸ ਦੀ ਪਹਿਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਵਲੋਂ ਦਹਿਸ਼ਤਪਸੰਦੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਬਾਰੇ ਸਬੂਤ ਮੌਜੂਦ ਹਨ।

ਮੀਟਿੰਗ ਵਿਚ ਬੋਲਦਿਆਂ ਅੰਦਰੂਨੀ ਸੁਰੱਖਿਆ ਬਾਰੇ ਰਾਜ ਮੰਤਰੀ ਸ੍ਰੀ ਅਰੁਨ ਨਹਿਰੂ ਨੇ ਕਿਹਾ ਕਿ 'ਪਾਕਿਸਤਾਨ ਨੇ ਦਹਿਸ਼ਤਪਸੰਦਾਂ ਲਈ ਟਰੇਨਿੰਗ ਕੈਂਪ ਲਾਏ ਹੋਏ ਹਨ ਅਤੇ ਸਾਨੂੰ ਉਨ੍ਹਾਂ ਥਾਵਾਂ ਦਾ ਵੀ ਪਤਾ ਹੈ ਜਿੱਥੇ ਇਹ ਕੈਂਪ ਲੱਗੇ ਹੋਏ ਹਨ।'

ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਕੌਂਸਲ ਵਿਚ ਬੋਲਦਿਆਂ ਕਿਹਾ ਕਿ ਦਹਿਸ਼ਤਪਸੰਦ ਦੋਵਾਂ ਫਿਰਕਿਆਂ ਵਿਚ ਕੰਧ ਉਸਾਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਸਦਾ ਮੁਕਾਬਲਾ ਰਾਜ ਸਰਕਾਰ ਕਰ ਰਹੀ ਹੈ।

ਸ: ਬਰਨਾਲਾ ਨੇ ਕਿਹਾ ਕਿ ਪਾਕਿਸਤਾਨ ਵਿਚ 2200 ਅਤਿਵਾਦੀਆਂ ਨੂੰ ਟਰੇਨਿੰਗ ਦਿਤੀ ਜਾ ਰਹੀ ਹੈ।

ਹਰਿਮੰਦਰ ਸਾਹਿਬ ਕੰਪਲੈਕਸ ਉਤੇ ਕਬਜ਼ੇ ਬਾਰੇ ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦਾ ਆਪਣਾ ਮਾਮਲਾ ਹੈ ਅਤੇ ਇਸ ਨਾਲ ਨਿਪਟਣ ਲਈ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ।

ਸ: ਬਰਨਾਲਾ ਨੇ ਕਿਹਾ ਕਿ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੂੰ ਰਿਹਾ ਨਹੀਂ ਕੀਤਾ ਜਾਵੇਗਾ।

ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿਚ ਮੁਕੰਮਲ ਤਾਲਮੇਲ ਬਿਨਾਂ ਅਤਿਵਾਦੀ ਕਾਰਵਾਈਆਂ ਨਹੀਂ ਰੁਕ ਸਕਦੀਆਂ। ਬੁਲਾਰੇ ਨੇ ਇਹ ਵੀ ਦੋਸ਼ ਲਾਇਆ ਕਿ ਕਾਂਗਰਸ ਦੇ ਆਗੂ ਆਪਣੇ ਸੁਬਾਈ ਲੀਡਰਾਂ ਨੂੰ ਵੀ ਨਿਯੰਤਰਣ ਵਿਚ ਨਹੀਂ ਰੱਖ ਸਕਦੇ। ਉਸ ਨੇ ਕਿਹਾ ਕਿ ਹਰਿਆਣੇ ਦੇ ਕਾਂਗਰਸੀ ਹੋਰ ਬੋਲੀ ਬੋਲ ਰਹੇ ਹਨ ਜਦਕਿ ਪੰਜਾਬ ਦੇ ਕਾਂਗਰਸੀ ਹੋਰ ਬੋਲੀ ਬੋਲਦੇ ਹਨ।

ਮੀਟਿੰਗ ਵਿਚ ਮੁੱਖ ਮੰਤਰੀਆਂ ਤੋਂ ਬਿਨਾਂ ਬੁੱਧੀਜੀਵੀ ਅਤੇ ਵਿਰੋਧੀ ਪਾਰਟੀਆਂ ਦੇ ਲੀਡਰ ਵੀ ਸ਼ਾਮਲ ਸਨ।

# ਕੈਨੇਡਾ ਵਿਚ ਸਰਕਾਰੀ ਅੰਕੜਿਆਂ ਅਨੁਸਾਰ ਬੇਕਾਰਾਂ ਦੀ ਗਿਣਤੀ ਘਟੀ

ਪਿਛਲੇ ਮਾਰਚ ਮਹੀਨੇ ਵਿਚ ਬੇਕਾਰਾਂ ਦੀ ਗਿਣਤੀ ਪਿਛਲੇ ਚਾਰ ਸਾਲਾਂ ਦੇ ਆਧਾਰ ਤੋਂ ਨੀਵੀਂ ਆਈ ਹੈ। ਇਹ ਸਰਕਾਰੀ ਅੰਕੜਿਆਂ ਅਨੁਸਾਰ ਹੈ ਪਰ ਇਹ ਗਿਰਾਵਟ ਥੋੜੇ ਸਮੇਂ ਲਈ ਕੀਤੇ ਜਾਂਦੇ ਕੰਮਾਂ ਕਾਰਨ ਹੈ। ਪੂਰੇ ਸਮੇਂ ਦੇ ਕੰਮਾਂ ਵਿਚ ਕੋਈ ਵਾਧਾ ਨਹੀਂ ਹੋਇਆ। ਜੋ ਲੋਕ ਇਕ ਸਾਲ ਤੋਂ ਵੱਧ ਬੇਕਾਰ ਹਨ ਉਹ ਵੈਲਫੇਅਰ ਲੈਣ ਲਗ ਜਾਂਦੇ ਹਨ ਜਿਸ ਨਾਲ ਉਹ ਰੁਜ਼ਗਾਰ ਵਿਭਾਗ ਦੀ ਲਿਸਟ ਵਿਚੋਂ ਨਿਕਲ ਜਾਂਦੇ ਹਨ। ਬੀ ਸੀ ਰਾਜ ਵਿਚ ਕੰਮਾਂ ਦੀ ਹਾਲਤ ਸਭ ਤੋਂ ਮੰਦੀ ਹੈ 12.7 ਪ੍ਰਤੀਸ਼ਤ ਲੋਕ ਬੇਕਾਰ ਹਨ, ਨਿਊਫਾਊਂਡਲੈਂਡ ਵਿਚ ਇਹ ਦਰ 19.2 ਪ੍ਰਤੀਸ਼ਤ ਹੈ ਤੇ ਓਨਟੇਰੀਓ ਵਿਚ 6.4 ਪ੍ਰਤੀਸ਼ਤ ਲੋਕ ਬੇਕਾਰ ਹਨ।

# ਚੰਡੀਗੜ੍ਹ ਦੇ ਫੈਸਲੇ ਲਈ ਨਵਾਂ ਕਮਿਸ਼ਨ ਨਿਯੁਕਤ

ਨਵੀਂ ਦਿੱਲੀ — ਕੇਂਦਰ ਸਰਕਾਰ ਨੇ ਇਕ ਜੱਜ ਅਧੀਨ ਨਵਾਂ ਹਦਬੰਦੀ ਕਮਿਸ਼ਨ ਨਿਯੁਕਤ ਕਰ ਦਿੱਤਾ ਹੈ ਜੋ 5 ਮਈ ਤੱਕ ਆਪਣਾ ਫੈਸਲਾ ਕੇਂਦਰੀ ਸਰਕਾਰ ਨੂੰ ਦਵੇਗਾ। ਯਾਦ ਰਹੇ ਕਿ ਇਸ ਤੋਂ ਪਹਿਲਾਂ ਮੈਥਿਊ ਕਮਿਸ਼ਨ ਨੀਯਤ ਕੀਤਾ ਗਿਆ ਸੀ ਜਿਸਨੇ ਛੇ ਮਹੀਨੇ ਲਾ ਕੇ ਕੋਈ ਗੱਲ ਸਿਰੇ ਨਹੀਂ ਸੀ ਚੜ੍ਹਾਈ।

ਪੰਜਾਬ ਦੇ ਰਾਜਸੀ ਲੀਡਰਾਂ ਦਾ ਕਹਿਣਾ ਹੈ ਕਿ ਇਹ ਕਮਿਸ਼ਨਾਂ ਦਾ ਸਿਲਸਿਲਾ ਪਤਾ ਨਹੀਂ ਕਦੋਂ ਖਤਮ ਹੋਵੇਗਾ।

*ਖਿਆਲ ਅਤੇ ਪਸੰਦ ਦਾ ਫਰਕ ਹੁੰਦੈ,*
*ਸਾਰੇ ਆਪਣੇ ਨਾਲ ਦੇ ਨਹੀਂ ਹੁੰਦੇ।*

# ਦੱਖਣੀ ਅਫਰੀਕਾ ਵਿਚ ਕਾਲਿਆਂ ਵਲੋਂ ਬਾਈਕਾਟ

ਦੱਖਣੀ ਅਫਰੀਕਾ ਵਿਚ ਆਜ਼ਾਦੀ ਲਈ ਸੰਘਰਸ਼ ਕਰ ਰਹੇ ਕਾਲੇ ਲੋਕਾਂ ਨੇ ਪਿਛਲੇ ਸੋਮਵਾਰ ਗੋਰੇ ਵਪਾਰੀਆਂ ਦੀਆਂ ਵਸਤੂਆਂ ਦਾ ਬਾਈਕਾਟ ਕੀਤਾ ਜੋ ਕਿ ਬਹੁਤ ਸਫਲ ਸੀ। ਗੋਰੇ ਵਪਾਰੀ ਦੇ ਕਹਿਣ ਅਨੁਸਾਰ ਇਹ ਇਕ ਤਰ੍ਹਾਂ ਨਾਲ ਐਤਵਾਰ ਵਾਂਗੂ ਸੀ। ਪਿਛਲੇ 19 ਮਹੀਨਿਆਂ ਵਿਚ ਗੋਰੀ ਸਰਕਾਰ ਨੇ ਵੋਟ ਦਾ ਹੱਕ ਮੰਗ ਰਹੇ 1400 ਵਿਖਾਵਾਕਾਰੀਆਂ ਨੂੰ ਗੋਲੀਆਂ ਨਾਲ ਭੁੰਨਿਆ।


INCOME TAX
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ:

# ਪੰਜਾਬ ਸਮੱਸਿਆ ਅਤੇ ਇਸ ਦਾ ਹੱਲ

ਪੰਜਾਬ ਦੀ ਸਮੱਸਿਆ ਦਿਨ ਬਦਿਨ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ ਦੇ ਲਗਪਗ ਸਾਰੇ ਮੁੱਖ ਸ਼ਹਿਰਾਂ ਵਿਚ ਕਰਫੀਊ ਲਾਗੂ ਹੈ ਅਤੇ ਫੌਜੀਆਂ ਦੀਆਂ ਪਲਟਣਾਂ ਲਗਾਤਾਰ ਪੰਜਾਬ ਵੱਲ ਭੇਜੀਆਂ ਜਾ ਰਹੀਆਂ ਹਨ। ਕੀ ਕਰਫੀਊ, ਪੁਲੀਸ, ਬੀ. ਐਸ. ਐਫ. ਸੀ. ਆਰ ਪੀ. ਤੇ ਫੌਜੀ-ਸਾਰੀਆਂ ਪ੍ਰਸ਼ਾਸ਼ਕੀ ਕਾਰਵਾਈਆਂ ਪੰਜਾਬ ਵਿਚ ਹਿੰਸਾ ਅਤੇ ਦਹਿਸ਼ਤਪਸੰਦੀ ਦਾ ਹੱਲ ਬਣਨ ਦੇ ਸਮੱਰਥ ਹਨ? ਇਸ ਦਾ ਸਪਸ਼ਟ ਉਤਰ 'ਨਹੀਂ' ਵਿਚ ਹੈ ਕਿਉਂਕਿ ਨੀਲਾ ਤਾਰਾ ਉਪਰੇਸ਼ਨ ਤੋਂ ਪਿਛੋਂ ਫੌਜੀ ਰਾਜ ਨੇ ਸਮੱਸਿਆਵਾਂ ਨੂੰ ਸੁਲਝਾਇਆ ਨਹੀਂ ਸੀ, ਸਗੋਂ ਹੋਰ ਉਲਝਾਇਆ ਸੀ — ਇਸੇ ਕਾਰਨ ਕੇਂਦਰ ਸਰਕਾਰ ਨੂੰ ਮਜ਼ਬੂਰ ਹੋ ਕੇ ਚੋਣਾ ਕਰਾਉਣੀਆਂ ਪਈਆਂ ਅਤੇ ਲੋਕਾਂ ਦੀ ਚੁਣੀ ਅਕਾਲੀ ਸਰਕਾਰ ਨੂੰ ਰਾਜ-ਗੱਦੀ ਸੰਭਾਲਣੀ ਪਈ।

ਜੇ ਫੌਜੀ ਰਾਜ ਸਮੇਂ ਪੰਜਾਬ ਵਿਚ ਦਹਿਸ਼ਤਪਸੰਦੀ ਖਤਮ ਨਹੀਂ ਕੀਤੀ ਜਾ ਸਕੀ ਤਾਂ ਹੁਣ ਕੀ ਗਰੰਟੀ ਹੈ ਕਿ ਫੌਜੀਆਂ ਦੀਆਂ ਦੁਬਾਰਾ ਭੇਜੀਆਂ ਜਾ ਰਹੀਆਂ ਪਲਟਣਾਂ ਪੰਜਾਬ ਦੇ ਦਹਿਸ਼ਤਪਸੰਦੀ ਦੇ ਮਾਹੌਲ ਨੂੰ ਸੁਧਾਰ ਸਕਣਗੀਆਂ? ਫੌਜੀ, ਨੀਮ ਫੌਜੀ ਦਸਤੇ ਪੰਜਾਬ ਵਿਚ ਮੁੜ ਭੇਜੇ ਜਾਣੇ ਅਸਲ ਵਿਚ ਕੇਂਦਰੀ ਕਾਂਗਰਸੀ ਸਰਕਾਰ ਦੀਆਂ ਪੰਜਾਬ ਸਬੰਧੀ ਨੀਤੀਆਂ ਦੀ ਮੁਕੰਮਲ ਹਾਰ ਹੈ। ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਰਹੀ ਹੈ ਅਤੇ ਸਪੱਸ਼ਟ ਸ਼ਬਦਾਂ ਵਿਚ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਪੰਜਾਬ ਵਿਚ ਲਹੂ ਦੀਆਂ ਨਾਦੀਆਂ ਵਹਾਉਣ ਦੀ ਮੁੱਖ ਜ਼ਿਮੇਂਵਾਰੀ ਕੇਂਦਰ ਸਰਕਾਰ ਦੀਆਂ ਦੀਵਾਲੀਆ ਨੀਤੀਆਂ ਦਾ ਸਿੱਧਾ ਸਿੱਟਾ ਹੈ।

ਦੇਖਣਾ ਇਹ ਹੈ ਕਿ ਕੇਂਦਰ ਸਰਕਾਰ ਕਦੋਂ ਪੰਜਾਬ ਦੇ ਮਾਮਲਿਆਂ ਬਾਰੇ ਸੁਹਿਰਦ ਰਹੀ ਹੈ? ਆਓ ਪਿਛਲੇ ਤੀਹ ਸਾਲ ਦੇ ਇਤਿਹਾਸ ਉਤੇ ਓਪਰੀ ਝਾਤੀ ਹੀ ਮਾਰ ਲਈਏ। ਭਾਰਤ ਵਿਚ ਸਾਰੇ ਸੂਬੇ ਬੋਲੀਆਂ ਦੇ ਆਧਾਰ ਉਤੇ ਬਣਾਏ ਗਏ ਪਰ ਪੰਜਾਬ ਵਿਚ 1965 ਤੱਕ ਦੋ-ਭਾਸ਼ੀ ਰਾਜ ਦਾ ਵਾਵੇਲਾ ਮਚਾਇਆ ਜਾਂਦਾ ਰਿਹਾ। ਜਦ 1965 ਵਿਚ ਇੰਦਰਾ ਗਾਂਧੀ ਨੂੰ ਮਜ਼ਬੂਰ ਹੋ ਕੇ ਪੰਜਾਬ ਦੀ ਭਾਸ਼ਾ ਦੇ ਆਧਾਰ ਉਤੇ ਵੰਡ ਕਰਨੀ ਪਈ ਤਾਂ ਪੰਜਾਬੀ ਤੇ ਹਿੰਦੀ ਇਲਾਕਿਆਂ ਦਾ ਰੱਫੜ ਖੜ੍ਹਾ ਕਰ ਦਿੱਤਾ। ਪੰਜਾਬ ਵਿਚ ਆਰੀਆ ਸਮਾਜੀ ਅਨਸਰ ਤੋਂ ਪੰਜਾਬੀ ਬੋਲੀ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਹੀ ਇਨਕਾਰ ਕਰਵਾ ਦਿਤਾ ਕਿਉਂਕਿ ਕਾਂਗਰਸੀ ਵੋਟਾਂ ਕੇਵਲ ਉਨ੍ਹਾਂ ਤੋਂ ਹੀ ਬਟੋਰੀਆਂ ਜਾ ਸਕਦੀਆਂ ਸਨ। ਫਿਰ ਦਰਿਆਵਾਂ ਦੇ ਪਾਣੀਆਂ ਦੇ ਮਸਲੇ ਨੂੰ ਕੇਂਦਰ ਸਰਕਾਰ ਨੇ ਗੰਧਲਾ ਕੀਤਾ ਅਤੇ ਭਾਖੜਾ ਵਰਗੇ ਡੈਮ ਬਣਾਕੇ ਪੰਜਾਬ ਦੀ ਬਿਜਲੀ ਉਤੇ ਡਾਕਾ ਦਿਨ-ਦਿਹਾੜੇ ਮਾਰਿਆ ਗਿਆ। ਕੇਂਦਰ ਸਰਕਾਰ ਇਨ੍ਹਾਂ ਧੱਕੜ ਕਾਰਵਾਈਆਂ ਕਾਰਨ ਪੰਜਾਬ ਦੇ ਲੋਕਾਂ ਦੇ ਮਨਾਂ ਤੋਂ ਲਹਿ ਗਈ।

ਜਿੰਨੀ ਵਾਰ ਵਿਰੋਧੀ ਪਾਰਟੀਆਂ ਚੋਣਾਂ ਜਿੱਤ ਕੇ ਅੱਗੇ ਆਈਆਂ — ਕੇਂਦਰੀ ਸਾਸ਼ਕ ਸਦਾ ਇਨ੍ਹਾਂ ਲਈ ਅੜਚਣਾਂ ਪੈਦਾ ਕਰਦੇ ਰਹੇ — ਇਹ ਅਮਲ ਪੰਜਾਬੀ ਸੂਬਾ ਬਣਨ ਤੋਂ ਸ਼ੁਰੂ ਹੋ ਕੇ ਹੁਣ ਤੱਕ ਜਾਰੀ ਹੈ। ਪਹਿਲਾਂ 1968 ਵਿਚ ਲਛਮਣ ਸਿੰਘ ਗਿੱਲ ਅਤੇ ਡਾ: ਜਗਜੀਤ ਸਿੰਘ ਚੌਹਾਨ ਨੂੰ ਹੱਲਾਸ਼ੇਰੀ ਦੇ ਕੇ ਕਾਂਗਰਸ ਦੀ ਕੇਂਦਰ ਸਰਕਾਰ ਨੇ ਪਹਿਲੀ ਸਾਂਝੀ ਵਜ਼ਾਰਤ ਤੋੜੀ। ਲਛਮਣ ਸਿੰਘ ਗਿੱਲ ਤਾਂ ਛੇਤੀ ਹੀ ਗੁਰਪੁਰੀ ਸਿਧਾਰ ਗਏ ਪਰ ਡਾ: ਜਗਜੀਤ ਸਿੰਘ ਚੌਹਾਨ ਨੂੰ ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀ ਚੁੱਕ ਹੇਠ ਆ ਕੇ ਸਾਂਝੀ ਵਜ਼ਾਰਤ ਤੋੜਨ ਲਈ ਮੁੜ ਮੁਆਫ ਨਾ ਕੀਤਾ। ਉਹ ਆਪਣਾ ਡੰਡਾ ਡੇਰਾ ਚੁੱਕ ਕੇ ਵਿਦੇਸ਼ਾਂ ਵਿਚ ਆ ਵੜੇ। ਜਿਸ ਵੀ ਨੇਤਾ ਨੂੰ ਪੰਜਾਬ ਦੇ ਲੋਕਾਂ ਨੇ ਮੂੰਹ ਲਾਉਣ ਤੋਂ ਇਨਕਾਰ ਕਰ ਦਿਤਾ, ਉਸੇ ਨੇਤਾ ਨੂੰ ਕੇਂਦਰੀ ਸਾਸ਼ਕਾਂ ਨੇ ਜਾਂ ਤਾਂ ਕੇਂਦਰ ਵਿਚ ਜਗ੍ਹਾ ਦੇ ਦਿਤੀ ਜਾਂ ਵਿਦੇਸ਼ਾਂ ਵੱਲ ਚਲਦਾ ਕਰ ਦਿਤਾ।

1975 ਵਿਚ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤਾਂ ਪੰਜਾਬ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਇਸਦੇ ਸਿੱਟੇ ਵਜੋਂ ਮੁੜ ਵਿਰੋਧੀ ਪਾਰਟੀਆਂ ਪੰਜਾਬ ਵਿਚ ਕਾਮਯਾਬ ਹੋਈਆਂ ਪਰ ਉਹ ਸਰਕਾਰ ਵੀ ਤੋੜ ਦਿਤੀ ਗਈ।

ਪੰਜਾਬ ਵਿਚ, ਦੂਰ ਨਾ ਜਾਂਦੇ ਹੋਏ, 1982 ਤੋਂ ਜੋ ਮਾਹੌਲ ਪੈਦਾ ਹੋਇਆ ਹੈ ਉਸ ਨੂੰ ਵਿਗਾੜਨ ਵਿਚ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦਾ ਰੋਲ ਅਤਿ ਨਿੰਦਣਯੋਗ ਹੈ। ਇਨ੍ਹਾਂ ਦੋਵਾਂ ਕਾਂਗਰਸੀ ਨੇਤਾਵਾਂ ਨੇ ਪੰਜਾਬ ਨੂੰ ਆਪਣੇ ਧੜਿਆਂ ਦੀ ਲੜਾਈ ਦਾ ਧੁਰਾ ਬਣਾ ਕੇ ਪੰਜਾਬ ਦਾ ਬੇੜਾ ਗਰਕ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਮਾਰਕ ਟੱਲੀ, ਖੁਸ਼ਵੰਤ ਸਿੰਘ, ਕੁਲਦੀਪ ਨਈਅਰ, ਇੰਦਰਜੀਤ ਆਦਿ ਪੱਤਰਕਾਰਾਂ ਨੇ ਆਪਣੇ ਲੇਖਾਂ ਅਤੇ ਪੁਸਤਕਾਂ ਵਿਚ ਇਨ੍ਹਾਂ ਦੇ ਕੁਝ ਕਾਂਗਰਸੀ ਸਾਧਾਂ ਤੇ ਸੰਤਾਂ ਦੇ ਸਬੰਧਾਂ ਬਾਰੇ ਕਾਫੀ ਚਾਨਣਾ ਪਾਇਆ ਹੈ। ਕੇਂਦਰੀ ਸਰਕਾਰ ਜੋ ਵਿਧਾਨਕ ਤੌਰ ਤੇ ਧਰਮ ਨਿਰਪੱਖ ਹੈ — ਇਹ ਦੇਖਣ ਵਿਚ ਅਸਮਰਥ ਕਿਉਂ ਰਹੀ ਕਿ ਇਨ੍ਹਾਂ ਕਾਂਗਰਸੀ ਲੀਡਰਾਂ ਨੇ ਕਿਵੇਂ ਧਾਰਮਿਕ ਕਿਸਮ ਦੇ ਸਾਧਾਂ ਨੂੰ ਉਭਾਰਕੇ ਅੱਗੇ ਲਿਆਂਦਾ — ਉਨ੍ਹਾਂ ਨੂੰ ਹੋਰ ਸਾਧਨ ਮੁਹੱਈਆਂ ਕਰਕੇ 'ਹੀਰੋ' ਬਣਾਇਆ ਅਤੇ ਫਿਰ ਧਾਰਮਿਕ ਜਨੂੰਨ ਦੀ ਅੱਗ ਨੂੰ ਹਵਾ ਦੇ ਕੇ ਪੰਜਾਬ ਦਾ ਬੇੜਾ ਗਰਕ ਕਰਵਾਇਆ।

ਹੈਰਾਨੀ ਇਸ ਗੱਲ ਦੀ ਹੈ ਕਿ ਅਜਿਹੇ ਲੀਡਰਾਂ ਨੂੰ ਖੂੰਜੇ ਲਾਉਣ ਦੀ ਥਾਂ ਦੇਸ਼ ਦੇ ਵੱਡੇ ਤੋਂ ਵੱਡੇ ਅਹੁਦੇ ਦਿਤੇ ਗਏ।

ਪੰਜਾਬ ਵਿਚ ਜੋ ਅੱਜ ਅੱਗ ਦੇ ਭਾਂਬੜ ਬਲ ਰਹੇ ਹਨ — ਉਨ੍ਹਾਂ ਦੀ ਜ਼ਿੰਮੇਂਵਾਰੀ ਤੋਂ ਇਹ ਲੋਕ ਕਿਵੇਂ ਬਰੀ ਕੀਤੇ ਜਾ ਸਕਦੇ ਹਨ?

ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦੀ ਵਾਗਡੋਰ ਸੰਭਾਲਣ ਵਾਲੇ ਅਕਾਲੀ ਨੇਤਾ ਵੀ ਇਸ ਚਾਲ ਨੂੰ ਸਮਝਣ ਤੋਂ ਅਸਮਰਥ ਰਹੇ ਹਨ ਕਿ ਦਹਿਸ਼ਤਪਸੰਦੀ ਕਾਰਵਾਈਆਂ ਵਿਚ ਸ਼ਾਮਲ ਲੋਕ ਅਕਾਲੀ ਸਰਕਾਰ ਦੇ ਦੁਸ਼ਮਣ ਬਹੁਤੇ ਦਿਸਦੇ ਹਨ ਜਦ ਕਿ ਪੰਜਾਬ ਦੇ ਸਾਬਕਾ ਕਾਂਗਰਸੀ ਪ੍ਰਧਾਨ ਸੰਤੋਖ ਸਿੰਘ ਰੰਧਾਵਾ ਅਤੇ ਹੋਰ ਕਾਂਗਰਸੀ ਨੇਤਾਵਾਂ ਦੇ ਸਬੰਧਾਂ ਦੀ ਪੰਜਾਬ ਵਿਚ ਆਮ ਚਰਚਾ ਹੈ। ਬੇਗੁਨਾਹ ਹਿੰਦੂਆਂ ਦੇ ਕਤਲਾਂ ਦੀਆਂ ਵਾਰਦਾਤਾਂ ਅਕਾਲੀ ਸਰਕਾਰ ਨੂੰ ਤੋੜਨ ਦੇ ਯਤਨ ਹੀ ਤਾਂ ਹਨ। ਅਕਾਲੀ ਨੇਤਾ ਇਸ ਗੱਲੋਂ ਵੀ ਚੇਤੰਨ ਨਹੀਂ ਹਨ ਕਿ ਅਮਰਿੰਦਰ ਸਿੰਘ ਵਰਗੇ ਰਜਵਾੜੇ ਅਕਾਲੀ ਸਫਾਂ ਵਿਚ ਦਾਖਲ ਕਰਕੇ, ਸੁਖਜਿੰਦਰ ਸਿੰਘ ਵਰਗੇ ਜਨੂੰਨੀ ਅਕਾਲੀ ਵਜ਼ਾਰਤ ਵਿਚ ਸ਼ਾਮਲ ਹੋ ਕੇ, ਬਲਵੰਤ ਸਿੰਘ ਵਰਗੇ ਸਾਬਕਾ ਕਾਂਗਰਸੀ — ਵਜ਼ਾਰਤ ਨੂੰ ਅੰਦਰੋਂ ਸਾਬੋਤਾਜ ਕਰਨ ਦੇ ਸਮਰਥ ਹਨ।

ਜੁਲਾਈ 1985 ਵਿਚ ਕੇਂਦਰੀ ਨੇਤਾਵਾਂ ਨੇ ਸੰਤ ਲੌਂਗੋਵਾਲ ਨਾਲ ਗਲਬਾਤ ਕਰਨ ਪਿਛੋਂ ਪੰਜਾਬ ਸਮਝੌਤਾ ਕੀਤਾ ਅਤੇ ਨਿਸਚਤ ਤਾਰੀਖਾਂ ਦੇ ਆਧਾਰ ਉਤੇ ਕਾਰਵਾਈ ਕਰਨ ਦਾ ਵਾਅਦਾ ਕੀਤਾ। ਪਰ ਉਸ ਸਮਝੌਤੇ ਦੀਆਂ ਧਜੀਆਂ ਪਹਿਲੇ ਕਮਿਸ਼ਨ ਨੇ ਹੀ ਉਡਾ ਦਿਤੀਆਂ। ਭਜਨ ਲਾਲ ਵਰਗੇ ਕਾਂਗਰਸੀਆਂ ਨੇ ਪਹਿਲਾਂ ਸਮਝੌਤੇ ਦਾ ਸੁਆਗਤ ਕੀਤਾ ਪਰ ਫਿਰ ਆਪ ਹੀ ਇਸਦੀ ਵਿਰੋਧਤਾ ਆਰੰਭ ਦਿਤੀ। ਕੇਂਦਰੀ ਆਗੂ ਮੂੰਹ ਵਿਚ ਘੁੰਗਣੀਆਂ ਪਾ ਗਏ। 26 ਜਨਵਰੀ 1986 ਨੂੰ ਚੰਡੀਗੜ੍ਹ, ਪੰਜਾਬ ਨੂੰ ਨਾ ਦੇ ਕੇ ਆਪ ਹੀ ਪੰਜਾਬ ਸਮਝੌਤਾ ਰੱਦ ਕਰਨ ਦੀ ਕਾਰਵਾਈ ਕੇਂਦਰ ਨੇ ਕੀਤੀ। ਇਹ ਦੋਹਰੀ ਚਾਲ ਖੇਡੀ ਗਈ। ਇਕ ਪਾਸੇ ਚੰਡੀਗੜ੍ਹ ਪੰਜਾਬ ਨੂੰ ਦਿਤੇ ਜਾਣ ਤੋਂ ਰੋਕ ਲਿਆ ਗਿਆ, ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਾ ਬਿਸਤਰਾ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਚੁਕਵਾ ਦਿਤਾ। ਸਿੱਖ ਹੀ ਸਿੱਖਾਂ ਦੇ ਦੁਸ਼ਮਣ ਬਣ ਗਏ। ਆਪੋ ਵਿਚ ਗੋਲੀਆਂ ਚੱਲੀਆਂ, ਤਲਵਾਰਾਂ ਚਮਕੀਆਂ ਤੇ ਲਹੂ ਡੁਲ੍ਹਿਆ।

ਹੁਣ ਇਕ ਹੋਰ ਕਮਿਸ਼ਨ ਸਥਾਪਤ ਕਰ ਦਿਤਾ ਗਿਆ ਹੈ। ਜੇ ਮੈਥਿਊ ਕਮਿਸ਼ਨ ਇਹ ਮਸਲਾ ਨਹੀਂ ਸੁਲਝਾ ਸਕਿਆ ਤਾਂ ਨਵਾਂ ਕਮਿਸ਼ਨ ਕਿਹੜਾ ਨਵਾਂ ਚੰਦ ਚੜ੍ਹਾਵੇਗਾ। ਇਸਦਾ ਅੰਦਾਜ਼ਾ ਪਿਛਲੇ ਹਾਲਾਤ ਹੀ ਦੱਸਦੇ ਹਨ।

ਫਿਰਕੂ ਅੱਗ ਨੂੰ ਹੋਰ ਹਵਾਂ ਦੇਣ ਲਈ ਸ਼ਿਵ ਸੈਨਾ ਖੜ੍ਹੀ ਕਰ ਦਿਤੀ ਗਈ ਹੈ। ਲੁਧਿਆਣੇ ਦੇ ਇਕ ਮੰਦਰ ਵਿਚ ਤੇਜ਼ਾਬ ਦੀਆਂ ਬੋਤਲਾਂ ਅਤੇ ਵਿਸਫੋਟਕ ਪਦਾਰਥ ਜਮ੍ਹਾਂ ਕੀਤੇ ਫੜੇ ਗਏ ਹਨ। ਜੇ ਅੱਗੇ ਗੁਰਦੁਆਰਿਆਂ ਵਿਚ ਹਥਿਆਰਾਂ ਦੀ ਜਮ੍ਹਾਂਬੰਦੀ ਦੀ ਚਰਚਾ ਸੀ ਤਾਂ ਹੁਣ ਮੰਦਰਾਂ ਦੀ ਪਵਿੱਤਰਤਾ ਦੀ ਕੀ ਬਣੇਗਾ?

ਪੰਜਾਬ ਦੀਆਂ ਆਰਥਿਕ ਮੰਗਾਂ ਦੀ ਲੜਾਈ ਨੂੰ ਜੇ ਪਹਿਲਾਂ ਗੁਰਦੁਆਰਿਆਂ ਵਿਚ ਵਾੜਿਆ ਗਿਆ ਤਾਂ ਹੁਣ ਇਹ ਲੜਾਈ ਮੰਦਰਾਂ ਵੱਲ ਧੱਕੀ ਜਾ ਰਹੀ ਹੈ।

ਪੰਜਾਬ ਨੂੰ ਇਸ ਸਮੇਂ ਫੌਜ ਦੀ ਲੋੜ ਨਹੀਂ, ਜਿਸਦੇ ਵਾਅਦੇ ਅਰੁਣ ਨਹਿਰੂ ਅਤੇ ਅਰਜਨ ਸਿੰਘ ਦੇ ਰਹੇ ਹਨ। ਪੰਜਾਬ ਨੂੰ ਇਸ ਸਮੇਂ ਦ੍ਰਿੜ ਇਰਾਦੇ ਦੀ ਲੋੜ ਹੈ ਕਿ ਉਹ ਕੇਂਦਰੀ ਸਰਕਾਰ ਦੀਆਂ ਇਨ੍ਹਾਂ ਸਾਜ਼ਿਸ਼ਾਂ ਦਾ ਅੱਡਾ ਨਾ ਬਣਨ ਦਿਤਾ ਜਾਵੇ।

ਇਕ ਪਾਸੇ ਪਾਕਿਸਤਾਨ ਨਾਲ ਦੋਸਤੀ ਅਤੇ ਵਪਾਰਕ ਸਬੰਧਾਂ ਦਾ ਨਾਟਕ ਚਲ ਰਿਹਾ ਹੈ, ਦੂਜੇ ਪਾਸੇ ਪਾਕਿਸਤਾਨ ਨੂੰ ਦਹਿਸ਼ਤਪਸੰਦੀ ਅੱਡਿਆਂ ਦਾ ਕੇਂਦਰ ਗਰਦਾਨਿਆ ਜਾ ਰਿਹਾ ਹੈ। ਆਮ ਆਦਮੀ ਕਿਹੜੀ ਗੱਲ ਉਤੇ ਭਰੋਸਾ ਕਰੇ?

ਜੋ ਹਾਲਾਤ ਪੰਜਾਬ ਦੇ ਇਸ ਸਮੇਂ ਹਨ ਉਨ੍ਹਾਂ ਤੋਂ ਇਹ ਹੀ ਅੰਦਾਜ਼ਾ ਲੱਗਦਾ ਹੈ ਕਿ ਪੰਜਾਬ ਨੂੰ ਫਿਰਕੂ ਰਣ-ਨੀਤੀ ਦਾ ਅਖਾੜਾ ਬਣਾਇਆ ਜਾ ਰਿਹਾ ਹੈ — ਇਹ ਪੰਜਾਬ ਦੇ ਲੋਕਾਂ ਦੇ ਇਮਤਿਹਾਨ ਦੀ ਘੜੀ ਹੈ ਕਿ ਉਹ ਇਸ ਭਰਾ-ਮਾਰੂ ਯੁੱਧ ਵਿਚ ਭਾਈਵਾਲ ਬਣਦੇ ਹਨ ਜਾਂ ਅਜਿਹੀਆਂ ਸਾਜ਼ਿਸ਼ਾਂ ਨੂੰ ਫੇਲ੍ਹ ਕਰਨ ਦੀ ਸਮਰੱਥਾ ਰੱਖਦੇ ਹਨ?

# ਵੈਸਾਖੀ ਦੇ ਮਹਾਨ ਪੁਰਬ ਦੀ ਮਹਾਨਤਾ, ਵਿਸ਼ੇਸ਼ਤਾ ਤੇ ਵਿਲੱਖਣਤਾ

ਪ੍ਰਿੰ: ਦਲੀਪ ਸਿੰਘ ਉੱਪਲ, ਸਰੀ, ਬੀ. ਸੀ.



ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
(ਜਪੁਜੀ ਸਾਹਿਬ)

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥
ਸੂਰਜ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥
(ਰਾਗ ਆਸਾ ਮਹਲਾ ੬)

ਵੈਸਾਖ ਭਲਾ ਸਾਖਾ ਵੇਸ ਕਰੇ ॥
(ਬਾਰਾਮਾਹ ਤੁਖਾਰੀ ਮਹਲਾ ੧)

ਜੁਗਾ ਜੁਗਾਂ ਤੋਂ
ਦਿਨ ਚੜਦਾ ਤੇ ਰਾਤ
ਜੁਗਾਂ ਜੁਗਾਂ ਤੋਂ
ਤੁਰੀ ਆਉਂਦੀ ਕਾਇਨਾਤ ॥
(ਗੋਪਾਲ ਸਿੰਘ ਦਰਦੀ)

ਮਹਾਨ ਸਿਰਜਣਹਾਰ ਦੀ ਰਚਨਾ ਅਦਭੁਤ ਹੈ ਤੇ ਉਸਦੇ ਕ੍ਰਿਸ਼ਮੇਂ ਹੈਰਾਨ ਕੁਨ ਹਨ। ਉਸਨੇ 'ਕੁਨ' ਸ਼ਬਦ ਆਖਿਆ ਤੇ ਅਸਚਰਜਮਈ ਚਮਤਕਾਰੇ ਰੂ ਨੁਮਾ ਹੋ ਗਏ। ਕਿਤੇ ਨੀਲਾਨੀ ਅੰਬਰ, ਕਿਤੇ ਨਰਕੀਲਾ ਪਾਤਾਲ, ਕਿਤੇ ਧਰਤੀ, ਕਿਤੇ ਤਪਸ਼ਾਂ ਲੁਟਾਂਦਾ ਸੂਰਜ, ਸੀਤਲਤਾ ਵਸਾਂਦਾ ਚੰਦ। ਕਿਤੇ ਨਿਰਮਲ ਨੀਰਾਂ ਵਾਲੀਆਂ ਝੀਲਾਂ, ਵਲ ਖਾਂਦੇ ਦਰਿਆ, ਬਰਫ ਤੇ ਬਨਸਪਤੀ ਲੱਦੇ ਪਹਾੜ ਪ੍ਰਿਥਵੀ ਇਕ ਧਰਮਸਾਲ ਸੀ ਜਿਥੇ ਰਾਤਾਂ, ਰੁੱਤਾਂ, ਥਿੱਤਾਂ, ਵਾਰ ਸਨ। ਰੁਮਕਦੀਆਂ ਪੌਣਾਂ ਸਨ, ਜੀਵਨ-ਦਾਤੇ ਪਾਣੀ ਸਨ, ਸ਼ਕਤੀ ਦੀ ਜਨਮ-ਦਾਤੀ ਅਗਨੀ ਸੀ ਤੇ ਨਰਕਾਂ ਨਾਲ ਲੱਦਿਆ ਪਾਤਾਲ ਸੀ। ਮਨੁੱਖ ਇਹਨਾਂ ਅਕਾਸ਼ਾਂ, ਸੂਰਜਾਂ, ਚੰਦਾਂ, ਤਾਰਿਆਂ ਨੂੰ ਤਕਦਾ ਰਿਹਾ ਤੇ ਤਕਦਾ ਰਿਹਾ। ਉਸਤੇ ਇਕ ਵਜਦ ਤਾਰੀ ਹੋ ਗਿਆ ਤੇ ਉਹ ਕੂਕ ਉਠਿਆ "ਤੱਕ .... ਤੱਕ ਤੇ ਤੱਕ ....."

ਤੱਕ ਅਰਸ਼ੀਂ ਤੰਬੂ ਤੇ ਜੜੇ ਸਿਤਾਰੇ
ਤੱਕ ਤ੍ਰੇਲ ਉਤਰ ਕੇ ਪਈ ਠੰਡ ਪਸਰੇ।
ਤੱਕ ਭਿਨੀ ਭਿਨੀ ਵਾ ਪੈਲਾ ਪਾਂਦੀ,
ਤੇ ਸੁੱਤੀਆਂ ਕਲੀਆਂ ਨੂੰ ਝੂਮ ਜਗਾਂਦੀ।
ਤੱਕ ਚੜ੍ਹਦੇ ਪਾਸੇ ਪਹੁ ਫੁਟਾਲੀ ਲਾਲੀ।
ਰੱਬ ਹੱਸ ਹੱਸ ਇਸ ਵਿਚ ਪਿਆ ਦੇਇ ਦਿਖਾਲੀ

ਔਹ ਦੇਖ ਉਚੇਰੇ ਕੀ ਪੰਛੀ ਗਾਂਦੇ
ਇਹ ਜੀਉਂਦੇ ਰੱਬ ਦੀ ਪਏ ਸਿਫਤਾਂ ਗਾਂਦੇ ॥
(ਚਾਤ੍ਰਿਕ)

ਅਕਾਸ਼ ਨੀਲੱਤਣਾਂ - ਭਰਿਆ ਥਾਲ ਹੈ। ਇਸ ਵਿਚ ਚੰਦ ਤੇ ਸੂਰਜ - ਦੋ ਦੀਵੇ ਟਿਕੇ ਹੋਏ ਨੇ ਤਾਰਿਆਂ ਦਾ ਸਮੂੰਹ ਇਸ ਵਿਚ ਇੰਜ ਸਜਿਆ ਹੋਇਆ ਹੈ ਜਿਵੇਂ ਅਨਛੇਦ ਮੋਤੀਆਂ ਦਾ ਅੰਬਾਰ ਹੋਵੇ। ਸੁਗੰਧੀਆਂ ਖਿਲਾਰਦੇ ਪਹਾੜ ਨੇ, ਚੌਰ ਕਰਦੀ ਹਵਾ ਹੈ। ਸਾਰੇ ਜੰਗਲ ਮਹਾਨ ਬਣ ਹਨ ਜਿਥੇ ਹਨ ਹਾਸੇ ਲੁਟਾਂਦੇ ਫੁਲ, ਸ਼ਰਮੀਲੀ ਨਾਰ ਵਰਗੀਆਂ ਕਲੀਆਂ ਇਹ ਸਿਰਜਣ ਹਾਰੇ ਦੇ ਬਹੁਮੁਖੀ ਰੂਪ ਹਨ।

ਸੂਰਜ ਇਕ ਹੈ। ਰੁੱਤਾਂ ਅਨੇਕਾਂ ਹਨ। ਕਿਤੇ ਤਪਸ਼ਾਂ ਲੁਟਾਂਦੀ ਰੁੱਤ ਹੈ, ਤੇ ਕਿਤੇ ਹੈ ਠੰਡਾਂ ਪਾਊ ਰੁੱਤ। ਇਸ ਸਭ ਰੁੱਤਾਂ, ਦਿਨ, ਰਾਤਾਂ, ਵਾਰ ਤੇ ਤਾਰੀਖਾਂ ਸਾਡੇ ਤੇ ਮਹੀਨੇ, ਸਾਲ, ਦਹਾਕੇ ਤੇ ਸਦੀਆਂ ਸਭ ਸੂਰਜ ਦੇ ਵਖਰੇਵੇਂ ਰੂਪ ਹਨ ਤੇ ਇਹ ਸਭ ਲੀਨ ਹੋ ਜਾਂਦੇ ਹਨ ਸਦੀਵਤਾ ਵਿਚ, ਅਨੰਤ ਸਦੀਵਤਾ ਵਿਚ।

ਭਾਰਤ ਦੀ ਰੁੱਤ ਮਾਲਾ ਅਤੀ ਰੁਮਾਂਟਿਕ ਹੈ। ਹਿਮਾਲੀਆਂ ਦੇ ਨੇੜੇ ਵਸਣ ਵਾਲੇ ਇਹਨਾਂ ਦੀ ਸੰਖਿਆ ਅੱਠ ਦਸਦੇ ਹਨ। ਜਿਵੇਂ — ਬਸੰਤ ਰੁੱਤ, ਵਰਖਾ ਰੁੱਤ, ਪਤਝੜ, ਹੇਮੰਤ ਰੁੱਤ, ਸਰਦੀ ਦੀ ਰੁੱਤ ਆਦਿ। ਇਹਨਾਂ ਵਖਰੇਵੀਆਂ ਵਖਰੇਵੀਆਂ ਰੁੱਤਾਂ ਨੂੰ ਚਾਰ ਮੌਸਮਾਂ ਵਿਚ ਵੰਡਿਆ ਗਿਆ ਹੈ — ਬਸੰਤ, ਗਰਮੀ, ਪਤਝੜ ਤੇ ਸਰਦੀ। ਇਹਨਾਂ ਰੁੱਤਾਂ ਦਾ ਟਾਕਰਾ ਦਿਨ ਦੇ ਚਾਰ ਹਿਸਿਆਂ ਨਾਲ ਕੀਤਾ ਜਾ ਸਕਦਾ ਹੈ — ਸਵੇਰ, ਦੁਪਹਿਰ, ਸ਼ਾਮ ਤੇ ਰਾਤ। ਬਸੰਤ ਰੁੱਤ ਹੈ ਦਿਨ ਦੀ ਸਵੇਰ ਵਾਂਗ ਤੇ ਗਰਮੀ ਹੈ ਦਿਨ ਦੀ ਦੁਪਹਿਰ ਵਾਂਗ, ਪਤਝੜ ਸ਼ਾਮ ਹੈ ਤੇ ਸਰਦੀ ਰਾਤ ਸਮਾਨ ਹੈ। ਇਹ ਜੀਵਨ ਦੇ ਉਪਜਦੇ, ਉਸਰਦੇ, ਨਿਸਰਦੇ ਤੇ ਬਿਨਸਦੇ ਰੂਪਾਂ ਵਾਂਗ ਹਨ। ਸਵੇਰ ਬਾਲਪਨ ਨੂੰ ਪ੍ਰਗਟਾਂਦੀ ਹੈ, ਦੁਪਹਿਰ ਭਖਦੀ ਜਵਾਨੀ ਨੂੰ। ਸ਼ਾਮ ਬੁਢਾਪੇ ਦੀ ਆਮਦ ਹੈ ਤੇ ਰਾਤ ਇਸ ਪੰਜ-ਭੂਤਕ ਸਰੀਰ ਨੂੰ ਤਿਆਗਣ ਦੇ ਸਮਾਨ ਹੈ। ਪਰ ਇਹ ਦਿਨ ਤੇ ਰਾਤਾਂ, ਸ਼ਾਮਾਂ ਤੇ ਪ੍ਰਭਾਤਾਂ ਦੁਪਹਿਰੇ ਤੇ ਸਿਹੁਪਹਿਰੇ — ਇੰਜ ਹੀ ਤੁਰੇ ਆਉਂਦੇ ਨੇ ਤੇ ਤੁਰੇ ਆਉਂਦੇ ਹਨ। ਇਹੀ ਰਚਨਹਾਰੇ ਦੀ ਅਸਚਰਜ ਰਚਨਾ ਹੈ। ਇਹੀ ਕਾਦਰ ਦੀ ਕਾਇਨਾਤ ਹੈ। ਜੁਗਾਂ ਜੁਗਾਂ ਤੇ ਇੰਜ ਹੀ ਹੁੰਦਾ ਆਇਆ ਹੈ :-

ਜੁਗਾਂ ਜੁਗਾਂ ਤੋਂ ਦਿਨ ਚੜ੍ਹਦਾ ਤੇ ਰਾਤ,
ਜੁਗਾਂ ਜੁਗਾਂ ਤੋਂ ਤੁਰੀ ਆਉਂਦੀ ਕਾਇਨਾਤ।

ਵੈਸਾਖੀ ਇਕ ਮਹਾਨ ਪੁਰਬ ਹੈ। ਇਹ ਬਸੰਤ ਰੁੱਤ ਦਾ ਸਿਖਰ ਹੈ। ਕਿਧਰੇ ਨੇ ਹਾਸੇ ਲੁਟਾਂਦੇ ਫੁੱਲ, ਤੇ ਕਿਧਰੇ ਨੇ ਹਸੂੰ ਹਸੂੰ ਕਰਦੀਆਂ ਕਲੀਆਂ। ਸੰਸਾਰ ਦੀ ਹਰੇਕ ਸ਼ੈਅ ਵਿਚ ਨਵੀਂ ਰੂਹ ਪ੍ਰਵੇਸ਼ ਕਰ ਗਈ ਹੈ। ਬਾਗ ਨਖਰਿਆਂ ਨਾਲ ਓਤਪੋਤ ਹਨ, ਫੁੱਲਾਂ ਤੇ ਮਸਤੀ ਛਾਈ ਹੋਈ ਹੈ। ਭੌਰਿਆਂ ਨੂੰ ਸੁਗੰਧਤ ਕਲੀਆਂ ਨੇ ਬਉਰਿਆਂ ਕਰ ਦਿਤਾ ਤੇ ਖੇਤ ਕੁਦਰਤ ਦੇ ਗੁੱਝੇ ਭੇਤ ਹੋ ਨਿਬੜੇ ਹਨ। ਕਿਧਰੇ ਨੇ ਸਰਸਰ ਕਰਦੀਆਂ ਕਣਕਾਂ ਦੀ ਬੱਲੀਆਂ ਤੇ ਕਿਧਰੇ ਨੇ ਸਰੋਂ ਦੇ ਪੀਲੇ ਪੀਲੇ ਠਾਠਾਂ ਮਾਰਦੇ ਸੋਨੇ ਦੇ ਸਮੁੰਦਰ। ਛੋਲੇ ਇਉਂ ਲੱਗਣ ਜਿਵੇਂ ਧਰਤੀ ਤੇ ਹੀਰੇ, ਤੇ ਜੁਮਰਦ ਜੜੇ ਹੋਏ ਹੋਣ। ਬ੍ਰਿਛਾਂ ਦੀਆਂ ਟਹਿਣੀਆਂ ਜਿਹੜੀਆਂ ਪਤਝੜ ਤੇ ਸਰਦੀ ਵਿਚ ਰੁੰਡ ਮੁੰਡ ਹੋ ਗਈਆਂ ਸਨ ਤੇ ਇਉਂ ਜਾਪਦੀਆਂ ਸਨ ਜਿਵੇ ਕਿ ਭਗਵਾਨ ਕ੍ਰਿਸ਼ਨ ਨੇ ਆਪਣੀ ਰੱਬਾਨੀ ਕਰਾਮਾਤ ਨਾਲ ਗੋਪੀਆਂ ਦੇ ਗਹਿਣੇ ਖੱਸ ਲਏ ਹੋਣ, ਬਸਤ ਖੱਸ ਲਏ ਹੋਣ। ਹੁਣ ਹਰੇ ਹਰੇ, ਕੂਲੇ ਕੂਲੇ ਤੇ ਨਵੇਂ ਨਵੇਂ ਪਤਿਆਂ ਨਾਲ ਲੱਦੀਆਂ ਗਈਆਂ ਟਾਹਲੀਆਂ ਦੇ ਰੁੱਖ ਪੱਟ ਜਿਹੇ ਪੀਲੇ ਤੇ ਹਰੇ ਪਤਿਆਂ ਨਾਲ ਅਮੀਰ ਬਣ ਬੈਠੇ। ਕਚਨਾਰ ਦੀਆਂ ਪਤਿਆਂ ਰਹਿਤ ਸਾਂਵਲੀਆਂ ਡਾਲੀਆਂ ਗੁਲਾਬੀ, ਸਫੈਦ ਅਰਗਵਾਨੀ ਰੰਗ ਦੇ ਫੁੱਲਾਂ ਨਾਲ ਭਰ ਗਈਆਂ, ਸਿੰਮਲ ਦਾ ਰੁੱਖ ਪਿਆਲੀਆਂ ਵਰਗੇ ਲਾਲ ਲਾਲ ਫੁੱਲਾਂ ਨਾਲ ਲੱਦਿਆ ਗਿਆ। ਇਹ ਫੁੱਲ ਇਉਂ ਭਾਸਣ ਜਿਵੇਂ ਮਾਇਆ ਦੀ ਦੇਵੀ, ਲੱਛਮੀਂ, ਆਪਣੀਆਂ ਅਨੇਕ ਤਲੀਆਂ ਤੇ ਦੀਵੇ ਟਿਕਾਈ ਖੜੀ ਹੋਵੇ। ਅੰਬਾਂ ਦੇ ਬੇਰੌਣਕੇ ਬੂਟਿਆਂ 'ਚ ਜਾਨ ਪੈਂਦੀ ਅਰੰਭ ਹੋ ਗਈ। ਇਹਨਾਂ ਦੇ ਪੀਲੇ ਪੀਲੇ ਫੁੱਲ ਬਿਰਹੋਂ ਕੁੱਠੀ ਕੋਇਲ ਨੂੰ ਆਪਣੇ ਵੱਲ ਧਰੂਹ ਲਿਆਂਦੇ। ਉਸਦੀ ਸੁਰੀਲੀ ਕੂ ਕੂ ਨੇ ਵਾਤਾਵਰਣ ਗੁੰਜਾਰ ਕੇ ਰੱਖ ਦਿੱਤਾ ਤੇ ਬਿਰਹੋਂ ਕੁੱਠੇ ਪ੍ਰੇਮੀ ਨੂੰ ਇਹ ਮੁੜ ਆਉ, ਮੁੜ ਆਉ ਆਖਦੀ ਪ੍ਰਤੀਤ ਹੋਈ —

ਯਹਾਂ ਇਕ ਕੋਇਲ ਕੀ ਕੂ ਵੀ ਹੈ
ਜੋ ਮੁਝੇ ਵਾਪਸ ਬੁਲਾ ਰਹੀ ਹੈ

(ਬਾਕੀ ਪੰਨਾ 20 ਤੇ)

# ਬਾਰਾਂ ਸ਼ਹਿਰਾਂ ਵਿਚ ਕਰਫਿਊ ਜਾਰੀ

ਚੰਡੀਗੜ੍ਹ — ਪੰਜਾਬ ਦੇ ਬਾਰਾਂ ਸ਼ਹਿਰਾਂ ਵਿਚ ਕਰਫਿਊ ਬਦਸਤੂਰ ਜਾਰੀ ਹੈ ਅਤੇ ਜਲੰਧਰ, ਨਕੋਦਰ, ਪਠਾਨਕੋਟ, ਹਾਜੀਪੁਰ ਅਤੇ ਹੁਸ਼ਿਆਰਪੁਰ ਵਿਚ ਕਰਫਿਊ ਵਿਚ ਕੋਈ ਢਿੱਲ ਨਹੀਂ ਦਿੱਤੀ ਗਈ। ਬਟਾਲਾ ਤੇ ਮੁਕਤਸਰ ਵਿਚ ਦਿੱਤੀ ਗਈ ਢਿੱਲ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਪਠਾਨਕੋਟ ਵਿਚ ਕਰਫਿਊ 9 ਵਜੇ ਤੱਕ ਅਤੇ ਜਲੰਧਰ ਤੇ ਨਕੋਦਰ ਵਿਚ 11 ਵਜੇ ਤੱਕ ਵਧਾ ਦਿਤਾ ਗਿਆ ਹੈ। ਮੁਕਤਸਰ ਵਿਚ ਸਵੇਰੇ ਅੱਠ ਵਜੇ ਤੋਂ ਸ਼ਾਮੀਂ ਛੇ ਵਜੇ ਤੱਕ ਛੋਟ ਦਿਤੀ ਗਈ। ਇਸ ਦੌਰਾਨ ਦੁਕਾਨਾਂ ਅਤੇ ਵਪਾਰਕ ਅਦਾਰੇ ਖੁਲ੍ਹੇ।

ਹੁਸ਼ਿਆਰਪੁਰ ਅਤੇ ਹਾਜੀਪੁਰ ਵਿਚ ਢਿੱਲ ਨਾ ਦਿੱਤੇ ਜਾਣ ਕਾਰਨ ਜ਼ਰੂਰੀ ਵਸਤਾਂ ਦੀ ਸਪਲਾਈ ਦੇ ਇੰਤਜ਼ਾਮ ਕੀਤੇ ਗਏ ਹਨ। ਹੋਰ ਜ਼ਿਲਿਆਂ ਲਈ ਬੱਸ ਸੇਵਾ ਜਾਰੀ ਹੈ। ਕਪੂਰਥਲਾ ਵਿਚ 9 ਵਜੇ ਸਵੇਰ ਤੋਂ ਪੰਜ ਘੰਟੇ ਲਈ ਛੋਟ ਦਿਤੀ ਗਈ ਪਰ ਕੁਝ ਲੋਕਾਂ ਵਲੋਂ ਜ਼ਬਰੀ ਦੁਕਾਨਾਂ ਬੰਦ ਕਰਵਾਏ ਜਾਣ ਕਾਰਨ ਦੋ ਘੰਟੇ ਪਹਿਲਾਂ ਹੀ ਮੁੜ ਕਰਫਿਊ ਲਾ ਦਿਤਾ ਗਿਆ। ਪੁਰਾਣੇ ਸ਼ਹਿਰ ਵਿਚ ਛੋਟ ਦਿਤੀ ਹੀ ਨਹੀਂ ਗਈ।

ਬਟਾਲਾ — ਜ਼ਿਲਾ ਪ੍ਰਸ਼ਾਸਨ ਵਲੋਂ ਬਟਾਲਾ ਸ਼ਹਿਰ ਵਿਚ 44 ਘੰਟੇ ਦੇ ਲਗਾਤਾਰ ਕਰਫਿਊ ਮਗਰੋਂ ਸਵੇਰੇ 9 ਤੋਂ 12 ਵਜੇ ਤੱਕ ਤਿੰਨ ਘੰਟੇ ਲਈ ਕਰਫਿਊ ਵਿਚ ਢਿੱਲ ਦਿਤੀ ਗਈ। ਇਸ ਦੌਰਾਨ ਸ਼ਹਿਰ ਵਿਚ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ।

ਲੁਧਿਆਣਾ ਤੇ ਜਲੰਧਰ ਜ਼ਿਲੇ ਵਿਚ ਵਾਪਰੀਆਂ ਘਟਨਾਵਾਂ ਪਿਛੋਂ ਬਟਾਲਾ ਸ਼ਹਿਰ ਦੇ ਬਾਹਰਲੇ ਇਲਾਕਿਆਂ ਵਿਚ ਸੁਰੱਖਿਆ ਪ੍ਰਬੰਧ ਸਖਤ ਕਰ ਦਿਤੇ ਗਏ ਹਨ। ਨੀਮ ਫੌਜੀ ਦਲਾਂ ਤੇ ਜਵਾਨਾਂ ਦੀ ਗਸ਼ਤ ਵੀ ਤੇਜ਼ ਕਰ ਦਿੱਤੀ ਗਈ ਹੈ। ਜ਼ਿਲਾ ਪ੍ਰਸ਼ਾਸਨ ਵਲੋਂ ਕੁਝ ਅਖਬਾਰਾਂ ਵਿਚ ਛਪੀ ਇਸ ਖਬਰ ਦਾ ਖੰਡਨ ਕੀਤਾ ਗਿਆ ਹੈ ਕਿ ਪੇਂਡੂ ਲੋਕਾਂ ਨੇ ਬਟਾਲਾ ਸ਼ਹਿਰ ਨੂੰ ਫਿਰ ਘੇਰਾ ਪਾ ਲਿਆ। ਪ੍ਰਸ਼ਾਸਨ ਨੇ ਪੱਤਰਕਾਰਾਂ ਦੀ ਇਕ ਟੋਲੀ ਨੂੰ ਬਟਾਲਾ ਸ਼ਹਿਰ ਦੇ ਅੰਦਰਲੇ ਇਲਾਕਿਆਂ ਵਿਚ ਅਤੇ ਬਾਹਰਲੇ ਇਲਾਕਿਆਂ ਵਿਚ ਘੁੰਮਾਇਆ। ਸ਼ਹਿਰ ਵਿਚ ਹਾਲਤ ਪੂਰੀ ਤਰ੍ਹਾਂ ਕਾਬੂ ਹੇਠ ਹੈ ਜਦ ਕਿ ਸ਼ਹਿਰ ਦੇ ਬਾਹਰਵਾਰ ਕਿਸੇ ਤਰ੍ਹਾਂ ਦਾ ਘੇਰਾ ਨਹੀਂ ਸੀ। ਬਟਾਲਾ ਵਿਚ ਸੀ. ਆਰ. ਪੀ. ਦੇ ਡੀ. ਆਈ. ਜੀ. ਸ੍ਰੀ ਬੀ. ਐਸ. ਬੈਂਸ ਨੇ ਇਸ ਖਬਰ ਦਾ ਵੀ ਖੰਡਨ ਕੀਤਾ ਕਿ ਸੀ. ਆਰ. ਪੀ. ਦੇ ਜਵਾਨਾਂ ਨੇ ਅੰਮ੍ਰਿਤ ਛਕਾਉਣ ਲਈ ਗਾਤਰੇ ਲਿਜਾ ਰਹੇ ਕੁਝ ਬੰਦਿਆਂ ਨੂੰ ਮਾਰਿਆ ਕੁੱਟਿਆ ਉਨ੍ਹਾਂ ਕਿਹਾ ਕਿ ਜਿਸ ਇਲਾਕੇ ਵਿਚ ਇਹ ਘਟਨਾ ਵਾਪਰੀ, ਉਥੇ ਸੀ. ਆਰ. ਪੀ. ਤੈਨਾਤ ਹੀ ਨਹੀਂ। ਇਸੇ ਦੌਰਾਨ ਪ੍ਰਸ਼ਾਸਨ ਨੇ ਬਟਾਲਾ ਵਿਚ ਬਾਰਾਂ ਹਜ਼ਾਰ ਲਿਟਰ ਦੁੱਧ ਅਤੇ ਹੋਰ ਖਾਣ ਪੀਣ ਦੀਆਂ ਵਸਤਾਂ ਵੰਡੀਆਂ।

ਇਸ ਸਮੇਂ ਵੱਖ ਵੱਖ ਸਿਆਸੀ, ਸਮਾਜੀ ਤੇ ਵਪਾਰਕ ਜਥੇਬੰਦੀਆਂ ਨੇ ਲੁਧਿਆਣਾ ਅਤੇ ਨਕੋਦਰ ਦੀਆਂ ਘਟਨਾਵਾਂ ਦੀ ਨਿੰਦਾ ਕੀਤੀ ਹੈ। ਚੰਡੀਗੜ੍ਹ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬਿਅੰਤ ਸਿੰਘ, ਵਿਧਾਇਕ ਪਾਰਟੀ ਦੇ ਨੇਤਾ ਗੁਰਵਿੰਦਰ ਕੌਰ ਬਰਾੜ, ਸੇਵਾ ਰਾਮ ਅਤੇ ਡਾ. ਕੇਵਲ ਕ੍ਰਿਸ਼ਨ, ਦੋਵੇਂ ਜਨਰਲ ਸਕੱਤਰਾਂ ਨੇ ਸਾਂਝੇ ਬਿਆਨ ਰਾਹੀਂ ਕਤਲੇਆਮ ਦੀ ਨਿੰਦਾ ਕੀਤੀ ਹੈ।

ਜ਼ਿਲਾ ਕਾਂਗਰਸ ਪ੍ਰਧਾਨਾਂ ਅਤੇ ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਦੀ ਇਕ ਮੀਟਿੰਗ ਉਪ ਪ੍ਰਧਾਨ ਭਗਵਾਨ ਦਾਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕਿਹਾ ਗਿਆ ਕਿ ਦਹਿਸ਼ਤਪਸੰਦਾਂ ਦੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਅਕਾਲੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਤਾਜ਼ਾ ਵਾਰਦਾਤਾਂ ਤੋਂ ਬਾਅਦ ਅਕਾਲੀ ਸਰਕਾਰ ਨੂੰ ਬਰਕਰਾਰ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਰਹਿ ਜਾਂਦਾ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ।

ਸੀ. ਪੀ. ਆਈ. ਦੀ ਪੰਜਾਬ ਸ਼ਾਖਾ ਦੇ ਸਕੱਤਰ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਇਥੇ ਜਾਰੀ ਇਕ ਬਿਆਨ ਵਿਚ ਪੰਜਾਂਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਿਰਕੂ ਭੜਕਾਹਟ, ਕਤਲੇਆਮ ਅਤੇ ਉਥਲ-ਪੁਥਲ ਮਚਾਉਣ ਦੀਆਂ ਸਾਮਰਾਜੀਆਂ ਅਤੇ ਹੋਰ ਭਾਰਤ ਵਿਰੋਧੀ ਤਾਕਤਾਂ ਦੀਆਂ ਚਾਲਾਂ ਨੂੰ ਸਮਝਣ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੋ ਰਹੇ ਦਹਿਸ਼ਤਪਸੰਦਾਂ ਦੇ ਕਤਲ ਪਾਕਿਸਤਾਨ ਵਲੋਂ ਵੱਧ ਰਹੀ ਦਖਲਅੰਦਾਜ਼ੀ ਦਾ ਸਿੱਟਾ ਹਨ। ਸ੍ਰੀ ਮਲਹੋਤਰਾ ਨੇ ਮੰਗ ਕੀਤੀ ਹੈ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਲਈ ਤੇਜ਼ੀ ਨਾਲ ਕਦਮ ਚੁਕੇ ਜਾਣ। ਇਸ ਦਿਸ਼ਾ ਵੱਲ ਸਭ ਪਾਰਟੀਆਂ ਕੇਂਦਰ ਨੂੰ ਸਹਿਯੋਗ ਦੇਣਗੀਆਂ।

ਲੁਧਿਆਣਾ ਦੀ ਪੰਜਾਬੀ ਭਾਈਚਾਰਾ ਸਭਾ ਅਤੇ ਨੈਸ਼ਨਲ ਫਰੰਟ ਨੇ ਪੰਜਾਬ ਵਿਚ ਫੌਜੀ ਰਾਜ ਦੀ ਮੰਗ ਕੀਤੀ ਹੈ ਕਿਉਂਕਿ ਪੁਲੀਸ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਿਚ ਅਸਫਲ ਰਹੀ ਹੈ। ਪੰਜਾਬ ਵਿਉਪਾਰ ਮੰਡਲ ਨੇ ਮੰਗ ਕੀਤੀ ਹੈ ਕਿ ਸਰਕਾਰ ਅਮਨ ਦੀ ਗਰੰਟੀ ਕਰਕੇ ਲੁਧਿਆਣਾ ਵਿਚੋਂ ਕਰਫਿਊ ਫੌਰਨ ਖਤਮ ਕਰੇ।

ਅੰਮ੍ਰਿਤਸਰ — ਜ਼ਿਲਾ ਪੱਧਰ ਦੀ ਅਮਨ ਤੇ ਫਿਰਕੂ ਏਕਤਾ ਕਮੇਟੀ ਦੀ ਮੀਟਿੰਗ ਸਿਖਿਆ ਮੰਤਰੀ ਸੁਖਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੰਤਰੀ ਨੇ ਕਿਹਾ ਕਿ ਸਰਕਾਰ ਕੌਮ ਵਿਰੋਧੀ ਤੇ ਪੰਜਾਬ ਵਿਰੋਧੀ ਤਾਕਤਾਂ ਨਾਲ ਸਖਤੀ ਨਾਲ ਨਿਪਟੇਗੀ। ਮੀਟਿੰਗ ਨੇ ਪੰਜਾਬੀਆਂ ਨੂੰ ਅਮਨ ਤੇ ਭਾਈਚਾਰਾ ਕਾਇਮ ਰੱਖਣ ਦੀ ਮੰਗ ਕੀਤੀ।

ਸੀ. ਪੀ. ਆਈ. ਨੇਤਾ ਸਤਪਾਲ ਡਾਂਗ ਭਾਜਪਾ ਪ੍ਰਧਾਨ ਬਲਦੇਵ ਪ੍ਰਕਾਸ਼ ਨੇ ਇਕ ਸਾਂਝੇ ਬਿਆਨ ਵਿਚ ਕਤਲੇਆਮ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸੁਰੱਖਿਆ ਤਾਕਤਾਂ ਦਹਿਸ਼ਤਪਸੰਦਾਂ ਦੇ ਰਹਿਮ ਤੇ ਹਨ ਅਤੇ ਇਹ ਇਨ੍ਹਾਂ ਕਾਰਵਾਈਆਂ ਨੂੰ ਕੰਟਰੋਲ ਕਰਨ ਵਿਚ ਅਸਮਰਥ ਹਨ।

ਸੰਗਰੂਰ — ਜੇਕਰ ਪੰਜਾਬ ਦੇ ਮਾਹੌਲ ਨੂੰ ਅਮਨ ਤੇ ਸ਼ਾਂਤੀ ਵਾਲਾ ਰੱਖਣਾ ਹੈ ਤੇ ਇਥੇ ਭਾਈਚਾਰਕ ਏਕਤਾ ਨੂੰ ਕਿਸੇ ਪ੍ਰਕਾਰ ਦਾ ਖਤਰਾ ਨਾ ਪੈਦਾ ਹੋਵੇ, ਤਾਂ ਭੰਨ-ਤੋੜ ਲੁੱਟ-ਮਾਰ ਤੇ ਕਤਲੋ-ਗਾਰਤ ਦੀਆਂ ਘਟਨਾਵਾਂ ਕਰਨ ਵਾਲੇ ਅਤਿਵਾਦੀਆਂ ਨੂੰ ਸਖਤੀ ਨਾਲ ਕੁਚਲ ਦੇਣਾ ਚਾਹੀਦਾ ਹੈ। ਇਹ ਵਿਚਾਰ ਸਥਾਨਕ ਪੰਚਾਇਤ ਭਵਨ ਵਿਖੇ ਸੰਗਰੂਰ ਸਬ-ਡਵੀਜ਼ਨ ਦੀ ਹੋਈ ਵਿਸ਼ੇਸ਼ ਅਮਨ ਕਮੇਟੀ ਦੀ ਮੀਟਿੰਗ ਵਿਚ ਭਾਗ ਲੈਣ ਵਾਲੇ ਵੱਖ ਵੱਖ ਸੰਸਥਾਵਾਂ ਤੇ ਰਾਜਸੀ ਪਾਰਟੀਆਂ ਦੇ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਪ੍ਰਗਟ ਕੀਤੇ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲਾ ਕਾਂਗਰਸ (ਆਈ) ਦੇ ਜਨਰਲ ਸਕੱਤਰ ਸ੍ਰੀ ਜਸਬੀਰ ਸਿੰਘ ਨੇ ਕਿਹਾ ਕਿ ਜ਼ਿਲਾ ਸੰਗਰੂਰ ਦੀ ਹੱਦ, ਜੋ ਜ਼ਿਲਾ ਲੁਧਿਆਣਾ ਨਾਲ ਲਗਦੀ ਹੈ, ਉਸ ਨੂੰ ਚੰਗੀ ਤਰਾਂ ਸੀਲ ਕੀਤਾ ਜਾਵੇ, ਕਿਉਂਕਿ ਜ਼ਿਲਾ ਸੰਗਰੂਰ ਵਿਚ ਜਿੰਨੀਆਂ ਵੀ ਵਾਰਦਾਤਾਂ ਹੋਈਆਂ ਹਨ ਉਹ ਲੁਧਿਆਣਾ ਜ਼ਿਲੇ ਨਾਲ ਲਗਦੇ ਇਲਾਕਿਆਂ 'ਚ ਹੀ ਹੋਈਆਂ ਹਨ।

ਨਗਰਪਾਲਿਕਾ ਸੰਗਰੂਰ ਦੇ ਸਾਬਕਾ ਪ੍ਰਧਾਨ ਸ੍ਰੀ ਸੁਭਾਸ਼ ਗਰੋਵਰ ਅਨੁਸਾਰ, ਪੁਲੀਸ ਵਿਭਾਗ ਚੌਕਸੀ ਤੋਂ ਕੰਮ ਨਹੀਂ ਲੈ ਰਿਹਾ। ਜੋ ਲੋਕ ਅਤਿਵਾਦੀਆਂ ਦਾ ਮੁਕਾਬਲਾ ਕਰਦੇ ਹਨ, ਸਰਕਾਰ ਵਲੋਂ ਉਨ੍ਹਾਂ ਦੀ ਸੁਰੱਖਿਆ ਵੀ ਨਹੀਂ ਕੀਤੀ ਜਾਂਦੀ। ਇਸ ਲਈ ਲੋਕਾਂ ਦੇ ਹੌਂਸਲੇ ਟੁੱਟ ਚੁਕੇ ਹਨ।




## ਮਾਰੂਤੀ ਮਹਿੰਗੀ

ਨਵੀਂ ਦਿੱਲੀ, (ਪੰਜਾਬੀ ਟ੍ਰਿਬਿਊਨ ਬਿਊਰੋ) -ਮਾਰੂਤੀ ਉਦਯੋਗ ਲਿਮਟਿਡ ਨੇ ਇਸ ਵਲੋਂ ਤਿਆਰ ਕੀਤੀਆਂ ਜਾ ਰਹੀਆਂ ਸਾਰੀਆਂ ਗੱਡੀਆਂ ਦੀਆਂ ਕੀਮਤਾਂ ਤੁਰੰਤ ਵਧਾ ਦਿੱਤੀਆਂ ਹਨ।

ਕੰਪਨੀ ਵਲੋਂ ਅੱਜ ਇਥੇ ਜਾਰੀ ਇਕ ਬਿਆਨ ਅਨੁਸਾਰ ਹੁਣ ਚਿੱਟੀ ਤੇ ਅਸਮਾਨੀ ਰੰਗ ਦੀ ਮਾਰੂਤੀ ਕਾਰ ਦੀ ਕੀਮਤ 57 ਹਜ਼ਾਰ 100 ਰੁਪਏ (ਐਕਸਾਈਜ਼ ਡਿਊਟੀ ਸਮੇਤ) ਹੋਵੇਗੀ ਜਦੋਂ ਕਿ ਪਹਿਲਾਂ ਇਹ ਕੀਮਤ 49 ਹਜ਼ਾਰ 950 ਰੁਪਏ ਸੀ। ਲਾਲ, ਗੂੜ੍ਹੀ ਨੀਲੀ, ਭੂਰੇ ਤੇ ਹਰੇ ਰੰਗ ਦੀ ਮਾਰੂਤੀ ਕਾਰ ਦੀ ਕੀਮਤ 50 ਹਜ਼ਾਰ 700 ਰੁਪਏ ਤੋਂ ਵਧਾ ਕੇ 57 ਹਜ਼ਾਰ 850 ਰੁਪਏ ਕੀਤੀ ਗਈ ਹੈ। ਮਾਰੂਤੀ ਡੀਲਕਸ ਕਾਰ ਦੀ ਕੀਮਤ ਹੁਣ 85 ਹਜ਼ਾਰ ਰੁਪਏ ਕਰ ਦਿੱਤੀ ਹੈ ਜੋ ਪਹਿਲਾਂ 79 ਹਜ਼ਾਰ 450 ਰੁਪਏ ਸੀ।

ਫਲੈਟ ਰੂਫ (ਚਿੱਟੀ ਤੇ ਅਸਮਾਨੀ ਰੰਗ) ਦੀ ਕੀਮਤ 61 ਹਜ਼ਾਰ 500 ਰੁਪਏ ਤੇ ਲਾਲ, ਗੂੜ੍ਹੇ ਨੀਲੇ, ਭੂਰੇ ਤੇ ਹਰੇ ਰੰਗ ਦੀ ਕੀਮਤ 62 ਹਜ਼ਾਰ 250 ਰੁਪਏ ਰਖੀ ਗਈ ਹੈ। ਹਾਈ ਰੂਫ ਵੈਨ ਦੀ ਕੀਮਤ ਫਿੱਕੇ ਗੂੜ੍ਹੇ ਰੰਗਾਂ ਅਨੁਸਾਰ ਕ੍ਰਮਵਾਰ 63 ਹਜ਼ਾਰ 100 ਰੁਪਏ ਤੇ 63 ਹਜ਼ਾਰ 850 ਰੁਪਏ ਹੋਵੇਗੀ।

ਜਿਪਸੀ ਜੀਪ ਦੀ ਕੀਮਤ ਵਿਚ ਵੀ 4900 ਰੁਪਏ ਦਾ ਵਾਧਾ ਕੀਤਾ ਗਿਆ ਹੈ ਤੇ ਇਹ ਹੁਣ

# ਪਾਈਪ ਲਾਈਨ ਦਾ ਠੇਕਾ ਕਨੇਡੀਅਨ ਕੰਪਨੀ ਨੂੰ ਨਹੀਂ

ਭਾਰਤ ਵਿਚ ਉਸਾਰੀ ਜਾਣ ਵਾਲੀ ਪਾਈਪ ਲਾਈਨ ਜਿਸ ਨੂੰ ਪ੍ਰਾਪਤ ਕਰਨ ਲਈ ਇਕ ਕੈਨੇਡੀਅਨ ਫਰਮ ਸਮੇਤ ਚਾਰ ਹੋਰ ਕੰਪਨੀਆਂ ਨੇ ਟੈਂਡਰ ਭਰੇ ਸਨ। ਫਰਾਂਸ ਦੀ ਇਕ ਫਰਮ ਨੂੰ ਉਸਾਰੀ ਦਾ ਠੇਕਾ ਮਿਲ ਗਿਆ ਹੈ। ਇਹ ਪਾਈਪ ਲਾਈਨ ਜੋ ਕਿ ਬੰਬਈ ਦੀ ਸਮੁੰਦਰ ਆਗਰੇ ਤੱਕ ਚਾਰ ਖਾਦ ਪਲਾਟਾਂ ਨੂੰ ਗੈਸ ਸਪਲਾਈ ਕਰੇਗੀ ਦੀ ਲੰਬਾਈ 1681 ਕਿਲੋਮੀਟਰ ਹੈ। ਇਹ 600 ਮਿਲੀਅਨ ਡਾਲਰ ਦੀ ਲਾਗਤ ਨਾਲ ਬਣਾਈ ਜਾਵੇਗਾ।

# ਯੂਨੀਅਨ ਕਾਰਬਾਈਡ ਵਿਚ ਮਜ਼ਦੂਰਾਂ ਦੀ ਛਾਂਟੀ

ਡਨਬਰੀ — ਯੂਨੀਅਨ ਕਾਰਬਾਈਡ ਕਾਰਪੋ ਨੇ ਸਾਰੇ ਸੰਸਾਰ ਵਿਚ ਸਥਾਪਿਤ ਸੰਸਥਾਨਾ ਵਿਚੋਂ ਲਗਭਗ 1200 ਕਾਮਿਆਂ ਨੂੰ ਨੌਕਰੀਆਂ ਤੋਂ ਹਟਾਉਣ ਦਾ ਫੈਸਲਾ ਕਰ ਲਿਆ ਹੈ ਇਸ ਨਾਲ ਇਹ ਇਕ ਬਿਲੀਅਨ ਡਾਲਰ ਇਸ ਵਿਚੋਂ ਘਟਾ ਲਵੇਗੀ ਅਤੇ ਆਪਣੇ ਖਰਚਿਆਂ ਵਿਚ 25 ਪ੍ਰਤੀਸ਼ਤ ਦੀ ਕਟੌਤੀ ਕਰੇਗੀ।


**Gurmail S. Gill**
**Lawyer**

**ਗੁਰਮੇਲ ਸਿੰਘ ਗਿੱਲ**

- ਆਈ. ਸੀ. ਬੀ. ਸੀ. ਕਲੇਮਜ਼
- ਕ੍ਰਿਮੀਨਲ ਕੇਸਜ਼
- ਡਾਈਵੋਰਸ ਅਤੇ ਫੈਮਿਲੀ ਕੇਸਜ਼
- ਸਿਵਲ ਕੋਰਟ ਕਲੇਮਜ਼
- ਪ੍ਰਾਪਰਿਟੀ ਅਤੇ ਮੌਰਗੇਜ਼
- ਇਮੀਗਰੇਸ਼ਨ

**Ph. 859-7171**
**534-0044 Toll Free**
**ROSBOROUGH & COMPANY**
**33832 South Fraser Way Abbotsford, B.C.**
**ਪਹਿਲਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ**




AMIN LADHA

**AMIN ON MARINE**

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

**dueck**
CHEVROLET-OLDSMOBILE-CADILLAC LTD.
86 SE Marine Dr., [between Main & Cambie]

**Ph: 324-7222**
Res.: 433-1681
Pager 687-7711 Pager #2122
**DUECK CHEVROLET OLDSMOBILE CADILLAC LTD.**



**United Realty Ltd.**

3879 Oak Street, Vancouver, B.C. V6H 2M6


Malkit Dhami,
M.A. (Eco.)

- **BUYING**
- **SELLING**

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

Member of Prestigious M.L.S. Medallion Club For 83-84 85-86

# AMBIKA FOODS

## 5125 Victoria Drive
## Vancouver, B.C. Canada

**PHONE: 327—0295**

# Special Vaisakhi Sale!

| | | | | | |
|---|---|---|---|---|---|
| ਵੈਜੀਟੇਬਲ ਤੇਲ<br>Vegetable Oil<br>16 Lit. $13.89 | ਨਵਾਬ ਚਾਹ ਪੱਤੀ<br>Nabob Tea.<br>120's $3.99 | ਵੈਜੀਟੇਬਲ ਤੇਲ<br>Vegetable Oil<br>3 Lit. $2.99 | ਟੀਂਡੇ (ਡੱਬਿਆਂ ਵਿਚ)<br>Tinda Cans<br>Can 89¢ | ਪਚਰੰਗਾ ਅਚਾਰ<br>Pachranga Achar<br>Tin $1.49 | ਅਸ਼ੋਕਾ ਪਿਕਲ<br>Ashoka Pickle<br>Tin 99¢ |
| ਕਰੇਲਾ<br>Karela<br>Tin 79¢ | ਮੋਠ<br>Moth<br>Tin 79¢ | ਧਨੀਆ<br>Dhania<br>Lb. 99¢ | ਜੀਰਾ<br>Jeera<br>Lb. 99¢ | ਮੂੰਗੀ<br>Moongi<br>Lb. 37¢ | ਮਾਂਹ<br>Manh<br>Lb. 37¢ |
| ਅਸਟ੍ਰੇਲੀਅਨ ਮੋਠ<br>Australian Moth<br>Lb. 37¢ | ਮੂੰਗੀ ਦੀ ਦਾਲ<br>Moongi Dal<br>Lb. 37¢ | ਮਾਂਹ ਦੀ ਦਾਲ<br>Manh Dal<br>Lb. 37¢ | ਛੋਲਿਆਂ ਦੀ ਦਾਲ<br>Chana Dal<br>Lb. 37¢ | ਲੌਂਗ ਗਰੇਨ ਚੌਲ<br>Long Grain Rice<br>Lb. 37¢ | ਲੌਂਗ ਗਰੇਨ ਚੌਲ<br>Long Grain Rice<br>20 kg. $10.99 |
| ਬਾਸਮਤੀ ਚੌਲ<br>Basmati Rice<br>Lb. 79¢ | ਤੰਦੂਰੀ ਮਸਾਲਾ<br>Tandoori Masala<br>Pkt. 99¢ | ਐਲ. ਪੀ. ਰੀਕਾਰਡ<br>L.P. Records<br>Ea. $3.99 | ਮੱਕੀ ਦਾ ਆਟਾ<br>Corn Flour<br>2 kg. $1.49 | ਰੌਬਿਨ ਹੁੱਡ ਮੈਦਾ<br>Robin Hood All Purpose Flour<br>10 kg. $5.89 | ਮਟਰਾਂ ਦਾ ਵੇਸਣ<br>Pea Flour<br>2 kg. $1.49 |
| ਮੁਰਗੇ ਦੀਆਂ ਲੈਗਜ਼<br>Chicken Legs<br>Lb $1.19 | ਡਰੱਮ ਸਟਿਕ<br>Drum Sticks<br>Lb. 99¢ | ਬਟਰ<br>Butter<br>Lb. $2.45 | ਮੇਥੇ<br>Methi<br>Lb. 99¢ | ਹਮਦਰਦ ਰੂਅਫਜ਼ਾ<br>Hamdard Rooh Afza<br>Bottle $3.99 | ਅਦਰਕ<br>Ginger<br>lb. 69¢ |

ਤਾਜ਼ੀਆਂ ਹਰੀਆਂ ਸਬਜ਼ੀਆਂ, ਸਾਫ ਸੁਥਰੀਆਂ ਦਾਲਾਂ, ਹਰ ਤਰ੍ਹਾਂ ਦੀ ਭਾਰਤੀ ਗਰੌਸਰੀ, ਡੇਅਰੀ ਦਾ ਸਾਮਾਨ ਤੇ ਮੀਟ, ਮਸਾਲੇ ਆਦਿ ਖਰੀਦਣ ਲਈ ਅੰਬੀਕਾ ਫੂਡਜ਼ ਤੇ ਦਰਸ਼ਨ ਦਿਓ!

**We reserve the right to limit the quantity or until last.**

# ਪੰਜਾਬ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਕੌਮੀ ਪੱਧਰ 'ਤੇ ਆਮ ਸਹਿਮਤੀ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਪਾਰਲੀਮੈਂਟ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੇ ਹੱਥ ਮਜ਼ਬੂਤ ਕਰਨ ਲਈ ਕੀਤੀ ਗਈ ਅਪੀਲ ਨੂੰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਭਰਵਾਂ ਹੁੰਗਾਰਾ ਦਿਤਾ। ਪ੍ਰਧਾਨ ਮੰਤਰੀ ਨੇ ਇਹ ਵੀ ਅਪੀਲ ਕੀਤੀ ਸੀ ਕਿ ਉਹ ਕੋਈ ਵੀ ਅਜਿਹੀ ਕਾਰਵਾਈ ਕਰਨ ਤੋਂ ਗੁਰੇਜ਼ ਕਰਨ ਜਿਸ ਨਾਲ ਰਾਜ ਸਰਕਾਰ ਦੀ ਪੁਜ਼ੀਸ਼ਨ ਕਮਜ਼ੋਰ ਹੋਵੇ। ਸ੍ਰੀ ਰਾਜੀਵ ਗਾਂਧੀ ਤੇ ਗ੍ਰਹਿ ਮੰਤਰੀ ਪੀ. ਵੀ. ਨਰਸਿਮਹਾ ਰਾਓ ਨੇ ਪਾਰਲੀਮੈਂਟ ਵਿਚ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਹੋਈ ਮੀਟਿੰਗ ਵਿਚ ਪੰਜਾਬ ਸਰਕਾਰ ਨੂੰ ਸਾਰੀਆਂ ਪਾਰਟੀਆਂ ਦੀ ਹਮਾਇਤ ਦਿਵਾਉਣ ਲਈ ਪਹਿਲਕਦਮੀ ਕੀਤੀ। ਇਸ ਮੀਟਿੰਗ ਵਿਚ ਇਹ ਆਮ ਸਹਿਮਤੀ ਸੀ ਕਿ ਸਾਰੀਆਂ ਰਾਜਸੀ ਪਾਰਟੀਆਂ ਦੀਆਂ ਸਥਾਨਕ ਯੂਨਿਟਾਂ ਰਾਜ ਵਿਚ ਸਵੈ-ਭਰੋਸਾ ਪੈਦਾ ਕਰਨ ਲਈ ਤਰਜੀਹ ਤੌਰ 'ਤੇ ਕਦਮ ਉਠਾਉਣ ਤੇ ਲੋਕਾਂ ਨੂੰ ਦਹਿਸ਼ਤਵਾਦ ਨੂੰ ਦਬਾਉਣ ਲਈ ਫੌਰੀ ਤੌਰ 'ਤੇ ਕਾਰਵਾਈ ਲਈ ਜਾਣਕਾਰੀ ਦੇਣ।

ਸਰਕਾਰ ਤੇ ਵਿਰੋਧੀ ਪਾਰਟੀਆਂ ਵਿਚ ਆਉਣ ਵਾਲੇ ਦਿਨਾਂ ਵਿਚ ਹੋਰ ਵਿਚਾਰ-ਵਟਾਂਦਰਾ ਹੋਵੇਗਾ ਤਾਂਕਿ ਪੰਜਾਬ ਵਿਚ ਫਿਰਕੂ ਤਣਾਓ ਪੈਦਾ ਕਰਨ ਦੀ ਅਤਿਵਾਦੀਆਂ ਦੀ ਨੀਤੀ ਨੂੰ ਸੁੱਟ ਮਾਰੀ ਜਾ ਸਕੇ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਜਲੰਧਰ ਵਿਚ ਤਿੰਨ ਕਥਿਤ ਦਹਿਸ਼ਤਪਸੰਦਾਂ ਦੀ ਗ੍ਰਿਫਤਾਰੀ ਤੇ ਫਗਵਾੜਾ ਵਿਚ ਦੋ ਜਣਿਆਂ ਦੀ ਮੁਕਾਬਲੇ ਵਿਚ ਮੌਤ 'ਤੇ ਆਪਣੀ ਤਸੱਲੀ ਤੋਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਜਾਣੂੰ ਕਰਾ ਦਿਤਾ। ਉਨ੍ਹਾਂ ਇਸ ਕਾਰਵਾਈ ਦਾ ਇਹ ਕਹਿ ਕੇ ਸਵਾਗਤ ਕੀਤਾ ਕਿ ਇਸ ਤੋਂ ਰਾਜ ਸਰਕਾਰ ਦੀ ਅਤਿਵਾਦ ਨੂੰ ਨੱਥ ਪਾਉਣ ਦੀ ਦ੍ਰਿੜਤਾ ਦੀ ਝਲਕ ਮਿਲਦੀ ਹੈ।

ਪੰਜਾਬ ਤੇ ਦੇਸ਼ ਦੇ ਦੂਸਰੇ ਭਾਗਾਂ ਵਿਚ ਵਿਰੋਧੀ ਪਾਰਟੀਆਂ ਵਲੋਂ ਬੰਦਾਂ ਤੇ ਹੜਤਾਲਾਂ ਤੇ ਸੱਦਿਆਂ ਬਾਰੇ ਭਾਵੇਂ ਵਿਸ਼ੇਸ਼ ਤੌਰ 'ਤੇ ਮੀਟਿੰਗ ਵਿਚ ਗੱਲਬਾਤ ਨਹੀਂ ਕੀਤੀ ਗਈ, ਅਗਲੀਆਂ ਮੀਟਿੰਗਾਂ ਵਿਚ ਇਹ ਮਾਮਲਾ ਉਠਾਉਣ ਦੀ ਸੰਭਾਵਨਾ ਹੈ। ਮੀਟਿੰਗ ਵਿਚ ਮੁਖ ਮੁੱਦਾ ਇਹ ਸੀ ਕਿ ਅਮਨ ਕਾਇਮ ਕਰਨ ਵਿਚ ਪੰਜਾਬ ਦੇ ਮੁੱਖ ਮੰਤਰੀ ਨੂੰ ਵਧੀਆ ਢੰਗ ਨਾਲ ਸਹਾਇਤਾ ਕਿਵੇਂ ਦਿੱਤੀ ਜਾ ਸਕਦੀ ਹੈ। ਮੀਟਿੰਗ ਨਰਸਿਮਹਾ ਰਾਓ ਨੇ ਸੱਦੀ ਸੀ। ਸ੍ਰੀ ਰਾਓ ਤੇ ਅੰਦਰੂਨੀ ਸੁਰੱਖਿਆ ਬਾਰੇ ਰਾਜ ਮੰਤਰੀ ਅਰੁਣ ਨਹਿਰੂ ਵਲੋਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਪੰਜਾਬ ਸਥਿਤੀ ਬਾਰੇ ਜਾਣਕਾਰੀ ਦਿਤੇ ਜਾਣ ਪਿਛੋਂ ਪ੍ਰਧਾਨ ਮੰਤਰੀ ਮੀਟਿੰਗ ਵਿਚ ਪੁੱਜੇ। ਸਰਕਾਰ ਵੱਲੋਂ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੰਸਦੀ ਮਾਮਲਿਆਂ ਦੇ ਮੰਤਰੀ ਹਰਕਿਸ਼ਨ ਲਾਲ ਭਗਤ ਤੇ ਦੋ ਰਾਜ ਮੰਤਰੀ ਸੀਤਾ ਰਾਮ ਕੇਸਰੀ ਤੇ ਗੁਲਾਮ ਨਬੀ ਆਜ਼ਾਦ ਹਾਜ਼ਰ ਸਨ। ਵਿਰੋਧੀ ਧਿਰ ਵਲੋਂ ਸ੍ਰੀ ਮਾਧਵ ਰੈਡੀ (ਤੈਲਗੂ ਦੇਸਮ), ਕੁੰਲਾਂਡੇਈ ਵਿਲੂ(ਏ. ਡੀ. ਐਮ. ਕੇ.), ਮਧੂ ਦੰਡਵਤੇ (ਜਨਤਾ), ਬਲਵੰਤ ਸਿੰਘ ਰਾਮੂਵਾਲੀਆ (ਅਕਾਲੀ ਦਲ), ਦਿਨੇਸ਼ ਗੋਸਵਾਮੀ (ਏ. ਜੀ. ਪੀ.), ਇੰਦਰਜੀਤ ਗੁਪਤਾ (ਸੀ ਪੀ ਆਈ), ਜੰਗਾ ਰੈਡੀ (ਭਾਜਪਾ), ਅਮਲ ਦੱਤਾ ਤੇ ਸੋਮਨਾਥ ਚੈਟਰਜੀ (ਦੋਵੇਂ ਸੀ ਪੀ ਐਮ), ਲਾਲ ਕ੍ਰਿਸ਼ਨ ਅਡਵਾਨੀ (ਭਾਜਪਾ) ਤੇ ਬੇਗਮ ਅਬਦੁੱਲਾ (ਨੈਸ਼ਨਲ ਕਾਨਫਰੰਸ) ਮੀਟਿੰਗ ਵਿਚ ਹਾਜ਼ਰ ਸਨ।

ਸ੍ਰੀ ਨਹਿਰੂ ਨੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਭਰੋਸਾ ਦਿਵਾਇਆ ਕਿ ਜਿਥੋਂ ਤੱਕ ਕੇਂਦਰ ਸਰਕਾਰ ਦਾ ਸਬੰਧ ਹੈ ਇਹ ਰਾਜ ਸਰਕਾਰ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਯਤਨਸ਼ੀਲ ਹੈ। ਅਰਧ-ਫੌਜੀ ਦਸਤਿਆਂ ਅਤੇ ਦੂਸਰੇ ਬੁਨਿਆਦੀ ਸਾਜ਼ੋ-ਸਾਮਾਨ ਦੀ ਸ: ਬਰਨਾਲਾ ਵੱਲੋਂ ਕੀਤੀ ਗਈ ਹਰ ਮੰਗ ਨੂੰ ਪੂਰਾ ਕੀਤਾ ਗਿਆ ਹੈ। ਸ੍ਰੀ ਨਹਿਰੂ ਨੇ ਵਿਰੋਧੀ ਨੇਤਾਵਾਂ ਨੂੰ ਦੱਸਿਆ ਕਿ ਸ: ਬਰਨਾਲਾ ਨੇ ਪੁਲੀਸ ਨੂੰ ਬੜੇ ਸਪਸ਼ਟ ਤੇ ਸਾਫ ਲਫਜ਼ਾਂ ਵਿਚ ਹਦਾਇਤ ਦੇ ਰੱਖੀ ਹੈ ਕਿ ਰਾਜ ਵਿਚ ਅਮਨ ਕਾਨੂੰਨ ਨੂੰ ਕਾਇਮ ਰੱਖਣ ਲਈ ਸਭ ਤੋਂ ਵੱਧ ਤਰਜੀਹ ਦਿਤੀ ਜਾਵੇ ਤਾਂ ਕਿ ਅਤਿਵਾਦੀ ਫਿਰਕੂ ਅਸ਼ਾਂਤੀ ਪੈਦਾ ਕਰਨ ਲਈ ਸਥਿਤੀ ਦਾ ਫਾਇਦਾ ਨਾ ਉਠਾ ਸਕਣ।

ਪ੍ਰਧਾਨ ਮੰਤਰੀ ਤੇ ਸ੍ਰੀ ਨਰਸਿਮਹਾ ਰਾਓ ਦੋਵਾਂ ਨੇ ਹੀ ਇਸ ਗੱਲ ਉਤੇ ਜ਼ੋਰ ਦਿਤਾ ਕਿ ਸਥਿਤੀ ਬਹੁਤ ਹੀ ਗੰਭੀਰ ਹੈ ਅਤੇ ਇਸ ਨਾਲ ਬੜੀ ਹੀ ਸਾਵਧਾਨੀ ਨਾਲ ਨਿਪਟਣ ਦੀ ਲੋੜ ਹੈ। ਇਹ ਗੱਲ ਹਰ ਵੇਲੇ ਦਿਮਾਗ ਵਿਚ ਰੱਖਣੀ ਪਵੇਗੀ ਕਿ ਫਿਰਕੂ ਸਦਭਾਵਨਾ ਹਰ ਹਾਲ ਬਣੀ ਰਹੇ। ਉਨ੍ਹਾਂ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਔਖੀ ਸਥਿਤੀ ਦਾ ਆਪਣੇ ਪਾਰਟੀ ਹਿਤਾਂ ਲਈ ਫਾਇਦਾ ਉਠਾਉਣ ਦਾ ਯਤਨ ਨਾ ਕਰਨ ਬਲਕਿ ਰਾਜ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਸੂਬਾਈ ਤੇ ਕੌਮੀ ਪੱਧਰ 'ਤੇ ਸਰਕਾਰ ਨਾਲ ਮਿਲਕੇ ਕੰਮ ਕਰਨ।

# ਪੰਜਾਬ ਵਿਚਲੀ ਹਿੰਸਾ ਪਿੱਛੇ ਕੋਈ ਵਿਦੇਸ਼ੀ ਸਾਜ਼ਿਸ਼ — ਹੈਗੜੇ

ਨਵੀਂ ਦਿੱਲੀ — ਕਰਨਾਟਕ ਦੇ ਮੁੱਖ ਮੰਤਰੀ ਰਾਮ ਕ੍ਰਿਸ਼ਨ ਹੈਗੜੇ ਨੇ ਪੰਜਾਬ ਵਿਚਲੀਆਂ ਹਿੰਸਕ ਘਟਨਾਵਾਂ ਪਿਛੇ ਕੋਈ ਵਿਦੇਸ਼ੀ ਸਾਜ਼ਿਸ਼ ਹੋਣ ਦਾ ਸ਼ੰਕਾ ਪ੍ਰਗਟਾਇਆ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਹੈਗੜੇ ਨੇ ਕਿਹਾ ਕਿ ਇਹ "ਵਿਦੇਸ਼ੀ ਹੱਥ" ਭਾਰਤ ਵਿਚ ਉਹੋ ਜਿਹੀ ਸਥਿਤੀ ਪੈਦਾ ਕਰਨਾ ਚਾਹੁੰਦਾ ਹੈ ਜਿਹੋ ਜਿਹੀ 1969-70 ਵਿਚ ਪੂਰਬੀ ਪਾਕਿਸਤਾਨ ਵਿਚ ਸੀ ਇਸੇ ਲਈ ਪੰਜਾਬ ਵਿਚਲੀ ਹਿੰਸਾ ਯੋਜਨਾਬੱਧ ਤੇ ਖਾਸ ਮੰਤਵ ਤੋਂ ਪ੍ਰੇਰਿਤ ਹੈ। ਸ੍ਰੀ ਹੈਗੜੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਪੰਜਾਬ ਵਿਚਲੀ ਸਥਿਤੀ ਬਾਰੇ ਵਿਚਾਰ ਕਰਨ ਲਈ ਤੁਰੰਤ ਹੀ ਸਾਰੀਆਂ ਰਾਜਸੀ ਪਾਰਟੀਆਂ ਦੀ ਮੀਟਿੰਗ ਬੁਲਾਉਣ। ਇਹ ਮਾਮਲਾ ਕਿਸੇ ਇਕ ਪਾਰਟੀ ਦਾ ਜਾਂ ਪੰਜਾਬ ਸਰਕਾਰ ਉਤੇ ਅਰੋਪ ਲਾਏ ਜਾਣ ਤੱਕ ਸੀਮਤ ਨਹੀਂ। ਉਨ੍ਹਾਂ ਮਹਿਸੂਸ ਕੀਤਾ ਕਿ ਇਸ ਨੂੰ ਸਿਰਫ ਅਮਨ-ਕਾਨੂੰਨ ਦੀ ਸਮੱਸਿਆ ਹੀ ਨਹੀਂ ਸਮਝਣਾ ਚਾਹੀਦਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚਲੀ ਸਥਿਤੀ ਤੋਂ ਚਿੰਤਤ ਹਨ।

ਸ੍ਰੀ ਹੈਗੜੇ ਨੇ ਕਿਹਾ ਕਿ ਪੰਜਾਬ ਸਮਝੌਤਾ ਲਾਗੂ ਕਰਨ 'ਚ ਕੀਤੀ ਜਾ ਰਹੀ ਦੇਰੀ ਅਫਸੋਸਨਾਕ ਹੈ। ਜੇ ਪ੍ਰਧਾਨ ਮੰਤਰੀ ਨੇ ਪੰਜਾਬ ਸਮਝੌਤੇ ਦੀਆਂ ਧਾਰਾਵਾਂ ਨੂੰ ਨਿਰਧਾਰਤ ਸਮੇਂ ਉਤੇ ਲਾਗੂ ਕੀਤਾ ਹੁੰਦਾ ਤਾਂ ਹਿੰਸਾ ਮੁੜ ਨਹੀਂ ਭੜਕਣੀ ਸੀ। ਉਨ੍ਹਾਂ ਕਿਹਾ ਕਿ ਇਸ ਅਸਫਲਤਾ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੀ ਸਥਿਤੀ ਬਹੁਤ ਕਮਜ਼ੋਰ ਕਰਕੇ ਰੱਖ ਦਿਤੀ ਹੈ। ਸ੍ਰੀ ਬਰਨਾਲਾ ਲੋਕਾਂ ਦੀ ਆਲੋਚਨਾ ਦਾ ਕੇਂਦਰ ਬਣੇ ਹੋਏ ਹਨ ਤੇ ਉਹ ਲੋਕਾਂ ਦਾ ਸਾਹਮਣਾ ਕਰਨ ਦੀ ਜੁਰਅਤ ਨਹੀਂ ਰੱਖਦੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਗੱਲ ਸੋਚਣੀ ਲੋਕਾਂ ਦੇ ਭਰੋਸੇ ਨਾਲ ਗਦਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਅਸੀਂ ਮਸਲੇ ਦੀ ਤਹਿ ਤਕ ਨਹੀਂ ਪਹੁੰਚਦੇ ਓਨੀ ਦੇਰ ਕੀਤੇ ਜਾ ਰਹੇ ਯਤਨਾਂ ਦਾ ਕੋਈ ਸਿੱਟਾ ਨਹੀਂ ਨਿਕਲੇਗਾ।

# ਠੇਕੇਦਾਰ ਦੀ ਅਰਜ਼ੀ ਰੱਦ

ਨਵੀਂ ਦਿੱਲੀ — ਉਘੇ ਸਿੱਖ ਅਤਿਵਾਦੀ ਜਸਵੰਤ ਸਿੰਘ ਠੇਕੇਦਾਰ ਦੀ ਸਿਆਸੀ ਸ਼ਰਨ ਲਈ ਅਰਜ਼ੀ ਬਰਤਾਨੀਆ ਸਰਕਾਰ ਨੇ ਰੱਦ ਕਰ ਦਿਤੀ ਹੈ। ਇਹ ਜਾਣਕਾਰੀ ਬਰਤਾਨਵੀ ਵਿਦੇਸ਼ ਮੰਤਰਾਲੇ ਦੇ ਰਾਜ ਮੰਤਰੀ ਜੈਫਰੀ ਹੋਏ ਨੇ ਭਾਰਤੀ ਵਿਦੇਸ਼ ਮੰਤਰੀ ਬਲੀ ਰਾਮ ਭਗਤ ਨਾਲ ਆਪਣੀ ਦੋ ਘੰਟਿਆਂ ਦੀ ਮੀਟਿੰਗ ਦੌਰਾਨ ਦਿਤੀ।

ਇਕ ਸਰਕਾਰੀ ਬੁਲਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਭਗਤ ਨੇ ਆਸ ਪ੍ਰਗਟ ਕੀਤੀ ਕਿ ਬਰਤਾਨਵੀ ਸਰਕਾਰ ਮੌਜੂਦਾ ਨਿਯਮਾਂ ਅਧੀਨ ਛੇਤੀ ਹੀ ਠੇਕੇਦਾਰ ਨੂੰ ਭਾਰਤ ਸ਼ਰਕਾਰ ਦੇ ਹਵਾਲੇ ਕਰ ਦੇਵੇਗੀ। ਦਲ ਖਾਲਸਾ ਦਾ ਕਾਰਕੁਨ ਜਸਵੰਤ ਸਿੰਘ ਠੇਕੇਦਾਰ ਬਚ ਕੇ ਬਰਤਾਨੀਆ ਜਾ ਪੁਜਿਆ ਸੀ ਜਿਥੇ ਉਹ ਈਲਿੰਗ ਕੌਂਸਲ ਵਲੋਂ ਦਿਤੇ ਫਲੈਟ ਤੋਂ ਭਾਰਤ ਸਰਕਾਰ ਵਿਰੋਧੀ ਸਰਗਰਮੀਆਂ ਚਲਾ ਰਿਹਾ ਸੀ। ਠੇਕੇਦਾਰ ਉਪਰ ਭਾਰਤ ਵਿਚ ਗਊ ਹੱਤਿਆ ਕਰਕੇ ਉਨ੍ਹਾਂ ਦੇ ਸਿਰ ਮੰਦਰਾਂ ਵਿਚ ਸੁੱਟਣ ਅਤੇ ਹਿੰਸਕ ਵਾਰਦਾਤਾਂ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਉਸਨੇ ਬੀਤੇ ਦਿਨੀਂ ਅਖਬਾਰਾਂ ਨੂੰ ਦਿੱਤੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਅਗਰ ਸਿੱਖ ਪੰਥ ਸਾਥ ਦੇਵੇ ਤਾਂ ਉਹ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਕਤਲ ਕਰਨ ਨੂੰ ਵੀ ਤਿਆਰ ਹੈ ਪ੍ਰੰਤੂ ਪਿਛੋਂ ਉਹ ਇਸ ਬਿਆਨ ਤੋਂ ਮੁੱਕਰ ਗਿਆ ਸੀ।

# ਠਾਕੁਰ ਸਿੰਘ ਵਲੋਂ ਫੈਡਰੇਸ਼ਨ ਦੇ ਕਾਹਲੋਂ ਗਰੁੱਪ ਨੂੰ ਥਾਪੜਾ

ਅੰਮ੍ਰਿਤਸਰ — ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਉਸ 'ਪ੍ਰਧਾਨਗੀ ਮੰਡਲ' ਨੂੰ ਰੱਦ ਕਰ ਦਿਤਾ ਹੈ ਜਿਸ ਦਾ ਐਲਾਨ 27 ਮਾਰਚ ਨੂੰ ਜਗਜੀਤ ਸਿੰਘ ਰੋਡੇ ਦੇ ਭੋਗ ਸਮੇਂ ਕੀਤਾ ਗਿਆ ਸੀ। ਉਨ੍ਹਾਂ ਮੌਜੂਦਾ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਅਤੇ ਸਾਰੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਕਾਹਲੋਂ ਦੀ ਅਗਵਾਈ ਹੇਠਲੀ ਟੀਮ ਨੂੰ ਹੀ ਸਮਰਥਨ ਦੇਣ।

ਅਖਬਾਰਾਂ ਦੇ ਨਾਂ ਜਾਰੀ ਬਿਆਨ ਵਿਚ ਬਾਬਾ ਠਾਕੁਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਦਿਤੇ ਬਿਨਾਂ ਹੀ ਸੱਤ ਸਿਰੋਪੇ ਦੇਣ ਲਈ ਕਿਹਾ ਗਿਆ ਪਰ ਟਕਸਾਲ ਜਾਂ ਉਨ੍ਹਾਂ ਦਾ ਇਸ ਪ੍ਰਧਾਨਗੀ ਮੰਡਲ ਨਾਲ ਕੋਈ ਸਬੰਧ ਨਹੀਂ। ਇਸ ਪ੍ਰਧਾਨਗੀ ਮੰਡਲ ਨੂੰ ਨੌਂ ਜ਼ਿਲਾ ਕਨਵੀਨਰਾਂ ਅਤੇ ਕਈ ਹੋਰ ਸਰਗਰਮ ਵਰਕਰਾਂ ਨੇ ਚੈਲਿੰਜ ਕੀਤਾ ਸੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਟਕਸਾਲ ਦੇ ਨਾਂ ਦੀ ਵਰਤੋਂ ਆਪਣੇ ਸਵਾਰਥੀ ਹਿਤਾਂ ਲਈ ਨਹੀਂ ਕਰਨੀ ਚਾਹੀਦੀ। ਇਸ ਵਿਚ ਉਨ੍ਹਾਂ ਮਰਹੂਮ ਅਮਰੀਕ ਸਿੰਘ ਦੇ ਚਾਚਾ ਦੀਦਾਰ ਸਿੰਘ ਅਤੇ ਸੰਯੁਕਤ ਅਕਾਲੀ ਦਲ ਦੇ ਕਨਵੀਨਰ ਬਾਬਾ ਜੋਗਿੰਦਰ ਸਿੰਘ ਦੇ ਨਿਜੀ ਸਹਾਇਕ ਅਮੋਲਕ ਸਿੰਘ ਦਾ ਵਿਸ਼ੇਸ਼ ਤੌਰ 'ਤੇ ਨਾਂ ਲਿਆ।

ਘੁੱਗੀਆਂ ਦੇ ਆਂਡੇ ਪੀ ਕੇ ਜਾਂ ਸੌਂ ਜਾਵੇ,
ਬਾਂਦਰ ਸੱਪ ਦੀ ਸਿਰੀ ਨੂੰ ਤਦੋਂ ਰਗੜਦਾ ਹੈ।

ਮੀਲੀਂ ਪਸਰਿਆ ਜੰਗਲ ਥਰ ਥਰ ਕੰਬਦਾ ਹੈ,
ਬਾਂਸ ਜਦੋਂ ਵੀ ਬਾਂਸਾਂ ਨੈਾਲ ਘਸੜਦਾ ਹੈ।

# ਹਰਿਆਣਾ ਬੰਦ ਨੂੰ ਮੱਠਾ ਹੁੰਗਾਰਾ

ਚੰਡੀਗੜ੍ਹ — ਭਾਰਤੀ ਜਨਤਾ ਪਾਰਟੀ ਵਲੋਂ ਤਿੰਨ ਦਿਨਾਂ ਅੰਦਰ ਦੂਸਰੀ ਵੇਰ ਦਿੱਤੇ 'ਹਰਿਆਣਾ ਬੰਦ' ਦੇ ਸੱਦੇ ਨੂੰ ਮੱਠਾ ਹੁੰਗਾਰਾ ਮਿਲਿਆ। ਸ਼ਨਿਚਰਵਾਰ ਦਾ ਬੰਦ 'ਮੁਕੰਮਲ' ਸੀ। ਰੋਹਤਕ ਤੇ ਥਾਨੇਸਰ ਸ਼ਹਿਰਾਂ ਵਿਚ ਮੁਕੰਮਲ ਬੰਦ ਰਿਹਾ ਜਦ ਕਿ ਹਿਸਾਰ ਵਿਚ ਬੰਦ 50 ਫੀਸਦੀ ਹੈ। ਸੋਨੀਪਤ ਦੇ ਲੋਕਾਂ ਨੇ 'ਬੰਦ' ਮਨਾਉਣ ਦਾ ਫੈਸਲਾ ਕੀਤਾ। ਕਈ ਥਾਈਂ ਲੋਕਾਂ ਨੇ ਰੋਸ ਰੈਲੀਆਂ ਤੇ ਵਿਖਾਵੇ ਕੀਤੇ।

ਇਥੇ ਸੂਬਾਈ ਹੈਡਕੁਆਰਟਰਜ਼ ਵਿਖੇ ਪੁੱਜੀਆਂ ਖਬਰਾਂ ਅਨੁਸਾਰ ਗੁੜਗਾਉਂ ਤੇ ਫਰੀਦਾਬਾਦ ਵਿਚ ਵਕੀਲਾਂ ਨੇ ਅਦਾਲਤਾਂ ਦਾ ਬਾਈਕਾਟ ਕੀਤਾ ਅਤੇ ਸੋਗ ਮੀਟਿੰਗਾਂ ਕੀਤੀਆਂ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਹੋਈਆਂ ਹਿੰਸਾ ਦੀਆਂ ਘਟਨਾਵਾਂ ਪਿਛੋਂ ਯਮੁਨਾਨਗਰ ਵਿਚ ਮੁਕੰਮਲ ਸ਼ਾਂਤੀ ਰਹੀ। ਅੰਬਾਲਾ ਛਾਉਣੀ ਤੇ ਅੰਬਾਲਾ ਸਿਟੀ ਵਿਖੇ ਕੋਈ ਘਟਨਾ ਨਹੀਂ ਵਾਪਰੀ।

# ਪੰਜਾਬ ਪ੍ਰਸ਼ਾਸਨ 'ਚ ਰਦੋਬਦਲ ਹੋਵੇਗੀ

ਚੰਡੀਗੜ੍ਹ — ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਵਿਚ ਦਹਿਸ਼ਤਵਾਦ ਦੀ ਲਹਿਰ ਨੂੰ ਨੱਥ ਪਾਉਣ ਲਈ ਰਾਜ ਦੀ ਪ੍ਰਸ਼ਾਸਕੀ ਮਸ਼ੀਨਰੀ ਨੂੰ ਓਵਰਹਾਲ ਕੀਤਾ ਜਾਵੇਗਾ। ਮੁਖ ਮੰਤਰੀ ਸ: ਬਰਨਾਲਾ, ਕਾਂਗਰਸ (ਇੰ) ਮੀਤ ਪ੍ਰਧਾਨ ਅਰਜੁਨ ਸਿੰਘ ਅਤੇ ਅੰਦਰੂਨੀ ਸੁਰੱਖਿਆ ਦੇ ਕੇਂਦਰੀ ਰਾਜ ਮੰਤਰੀ ਅਰੁਨ ਨਹਿਰੂ ਵਿਚਕਾਰ ਹਾਲੀਆ ਗਲਬਾਤ ਦੌਰਾਨ ਪ੍ਰਸ਼ਾਸਨ ਦੀਆਂ ਕਈ ਅਜਿਹੀਆਂ ਖਾਮੀਆਂ ਸਾਹਮਣੇ ਆਈਆਂ ਜੋ ਕਿ ਦਹਿਸ਼ਤਵਾਦ ਵਿਰੁੱਧ ਕਾਰਵਾਈ ਦੇ ਰਾਹ ਵਿਚ ਰੁਕਾਵਟ ਬਣ ਰਹੀਆਂ ਹਨ।

# ਆਨੰਦਪੁਰ ਵਿਚ ਕਰਫਿਊ ਖਤਮ

ਆਨੰਦਪੁਰ ਸਾਹਿਬ — ਹੋਲੇ ਮਹੱਲੇ ਦੇ ਮੌਕੇ 'ਤੇ ਪੁਲੀਸ ਫਾਇਰਿੰਗ ਮਗਰੋਂ ਇਥੇ ਲਗਾਇਆ ਗਿਆ ਕਰਫਿਊ ਜ਼ਿਲਾ ਪ੍ਰਸ਼ਾਸਨ ਨੇ ਮੁਕੰਮਲ ਤੌਰ 'ਤੇ ਹਟਾ ਲਿਆ। ਇਹ ਜਾਣਕਾਰੀ ਆਨੰਦਪੁਰ ਸਾਹਿਬ ਦੇ ਐਸ. ਡੀ. ਐਮ. ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕਰਫਿਊ ਦੌਰਾਨ ਪੂਰਾ ਅਮਨ ਕਾਇਮ ਰਿਹਾ। ਬੁਢਾ ਦਲ ਦੇ ਮੁਖੀ ਬਾਬਾ ਅਮਰੀਕ ਸਿੰਘ ਸਮੇਤ ਸਾਰੇ ਨਿਹੰਗ ਇਥੋਂ ਆਪਣੇ ਟਿਕਾਣਿਆਂ ਲਈ ਰਵਾਨਾ ਹੋ ਗਏ ਹਨ।

ਤਖਤ ਕੇਸਗੜ੍ਹ ਸਾਹਿਬ ਦੇ ਮੈਨੇਜਰ ਅਜੈਬ ਸਿੰਘ ਗਿੱਲ ਨੇ ਦੱਸਿਆ ਕਿ ਜਿਹੜੇ ਲੋਕ ਪੁਲੀਸ ਫਾਇਰਿੰਗ ਮਗਰੋਂ ਆਪਣਾ ਸਮਾਨ ਗੁਰਦੁਆਰੇ ਵਿਚ ਛੱਡ ਕੇ ਚਲੇ ਗਏ ਸਨ ਉਹ ਗੁਰਦੁਆਰਾ ਪ੍ਰਬੰਧਕਾਂ ਦੇ ਕਬਜ਼ੇ ਵਿਚ ਹੈ। ਸਬੰਧਤ ਲੋਕ ਨਿਸ਼ਾਨੀ ਦੱਸ ਕੇ ਆਪਣਾ ਸਮਾਨ ਲਿਜਾ ਸਕਦੇ ਹਨ।


NON-SMOKERS & SMOKERS



TOGETHER WE ARE STRONGER

NORTH AMERICAN LIFE

Permanent & Terms Plan

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335



SUDESH KALIA

# ਕੁਝ ਤਾਕਤਾਂ ਸਰਕਾਰ ਨੂੰ ਖਤਮ ਕਰਨ ਦੇ ਯਤਨ 'ਚ

ਬਰਨਾਲਾ — ਸ੍ਰੀ ਗੋਬਿੰਦ ਸਿੰਘ ਲੌਂਗੋਵਾਲ ਐਮ. ਐਲ. ਏ. ਨੇ ਕਿਹਾ ਕਿ ਕੁਝ ਸ਼ਕਤੀਆਂ ਪੰਜਾਬ ਵਿਚ ਲੋਕਾਂ ਦੇ ਵੋਟ ਦੇ ਫੈਸਲੇ ਨੂੰ ਰੱਦ ਕਰਨਾ ਚਾਹੁੰਦੀਆਂ ਹਨ ਜੋ ਪਹਿਲਾਂ ਚੋਣਾਂ ਦੇ ਬਾਈਕਾਟ ਦਾ ਸੱਦਾ ਦੇ ਕੇ ਅਕਾਲੀ ਸਰਕਾਰ ਨਹੀਂ ਸੀ ਬਣਨ ਦੇਣਾਂ ਚਾਹੁੰਦੀਆਂ, ਹੁਣ ਗੈਰ-ਜਮਹੂਰੀ ਢੰਗ ਵਰਤਕੇ, ਰਾਜ ਵਿਚ ਬਦਅਮਨੀ ਫੈਲਾ ਕੇ ਬਰਨਾਲਾ ਸਰਕਾਰ ਨੂੰ ਖਤਮ ਕਰਨਾ ਚਾਹੁੰਦੀਆਂ ਹਨ। ਉਹ ਇਥੋਂ 22 ਕਿਲੋਮੀਟਰ ਦੂਰ ਪਿੰਡ ਪੱਖੋ ਕਲਾਂ ਵਿਚ ਜਥੇਦਾਰ ਜੋਗਿੰਦਰ ਸਿੰਘ ਦੇ ਸ਼ਰਧਾਂਜਲੀ ਸਮਾਗਮ ਵਿਚ ਬੋਲ ਰਹੇ ਸਨ ਜੋ ਬੀਤੇ ਦਿਨ ਸੰਤ ਲੌਂਗੋਵਾਲ ਯਾਦਗਾਰੀ ਸਮਾਗਮ ਵਿਚ ਭਾਗ ਲੈ ਕੇ ਕੈਂਬੋਵਾਲ ਤੋਂ ਪਰਤਦੇ ਹੋਏ ਟਰੱਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਸਨ।

ਸ਼ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਤੇ ਜ਼ਿਲੇ ਦੇ ਮੀਤ ਪ੍ਰਧਾਨ ਜਥੇਦਾਰ ਭਰਪੂਰ ਸਿੰਘ ਨੇ ਕਿਹਾ ਕਿ ਸਿੱਖ ਦੇਸ਼ ਕੌਮ ਦਾ ਭਲਾ ਤੇ ਭਾਰਤ ਦੀ ਅਖੰਡਤਾ ਚਾਹੁਣ ਵਾਲੇ ਹਨ। ਸ੍ਰੀ ਰਾਜਦੇਵ ਸਿੰਘ ਐਡਵੋਕੇਟ ਨੇ ਕਿਹਾ ਕਿ ਕਥਿਤ ਅਤਿਵਾਦ ਤੇ ਵੱਖਵਾਦ ਵਰਤਮਾਨ ਸਮਾਜ ਦੀ ਹੀ ਉਪਜ ਹੈ।

ਗੁਰਦੁਆਰਾ ਕੈਂਬੋਵਾਲ ਦੇ ਮੁਖੀ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਪਹਿਲਾਂ ਐਮਰਜੈਂਸੀ ਵਿਰੁਧ, ਫਿਰ ਪੰਜਾਬ ਤੇ ਸਿੱਖਾਂ ਦੇ ਹਿਤਾਂ ਲਈ ਜੂਝੇ ਤੇ ਅੰਤ ਏਕਤਾ ਲਈ ਸ਼ਹਾਦਤ ਦਿਤੀ। ਮਾਰਕਸੀ ਆਗੂ ਬੀਬੀ ਸ਼ਮਿੰਦਰ ਕੌਰ, ਯੂਥ ਅਕਾਲੀ ਦਲ ਜ਼ਿਲਾ ਸੰਗਰੂਰ ਦੇ ਪ੍ਰਧਾਨ ਪ੍ਰਮਜੀਤ ਸਿੰਘ ਬਰਨਾਲਾ ਤੇ ਜਨਰਲ ਸਕੱਤਰ ਪ੍ਰਮਜੀਤ ਸਿੰਘ ਜਖੇਪਲ, ਜਥੇਦਾਰ ਜੀਤ ਸਿੰਘ, ਅਧਿਆਪਕ ਆਗੂ ਮਿੱਠੂ ਸਿੰਘ, ਹੌਲਦਾਰ ਜੀਤ ਸਿੰਘ ਤੇ ਸੂਬੇਦਾਰ ਤਰਲੋਚਨ ਸਿੰਘ ਆਦਿ ਨੇ ਵੀ ਸ਼ਰਧਾਂਜਲੀ ਭੇਟ ਕੀਤੀ।

# ਫਿਲੌਰ ਬੰਬ ਕਾਂਡ ਬਾਰੇ ਪੁੱਛਗਿਛ

ਗੋਰਾਇਆ — ਫਿਲੌਰ ਨੇੜੇ ਪਿੰਡ ਨੰਗਲ ਦਾ ਭਈਆ ਜਿਸ ਦੇ ਹੱਥ ਅਤੇ ਪੈਰ ਬੰਬ ਨਾਲ ਉਡ ਗਏ ਸਨ ਅਤੇ ਅਜੇ ਲੁਧਿਆਣੇ ਹਸਪਤਾਲ ਵਿਚ ਜ਼ੇਰੇ ਇਲਾਜ ਹੈ ਪੁਲੀਸ ਵਲੋਂ ਉਸ ਬੰਬ ਬਾਰੇ ਪੁੱਛਗਿਛ ਜਾਰੀ ਹੈ। ਪੁਲੀਸ ਅਨੁਸਾਰ ਭਈਆ ਆਪਣੇ ਮਕਾਨ ਵਿਚ ਬੈਠਾ ਬੰਬ ਸਾਫ ਕਰ ਰਿਹਾ ਸੀ ਕਿ ਫਟ ਗਿਆ। ਇਸੇ ਸਬੰਧ ਵਿਚ ਚਾਰ ਹੋਰ ਵਿਅਕਤੀ ਅਸ਼ੋਕ ਕੁਮਾਰ ਸ਼ੋਕੀ, ਦਲਬੀਰ ਚੰਦ ਰਾਣਾ, ਬਲਵੰਤ ਰਾਏ ਅਤੇ ਸਤਪਾਲ ਸੱਤਾ ਨੂੰ ਫਿਲੌਰ ਪੁਲੀਸ ਨੇ ਫੜ ਕੇ ਉਨ੍ਹਾਂ ਦੇ ਵਿਰੁਧ ਧਾਰਾ 4/5 ਧਮਾਕਿਆਂ ਬਾਰੇ ਐਕਟ ਅਧੀਨ ਕੇਸ ਦਰਜ ਕਰ ਕੇ ਚਾਰ ਬੰਬਾਂ ਸਮੇਤ ਗ੍ਰਿਫਤਾਰ ਕਰ ਲਿਆ ਹੈ।

ਰੋਪੜ — ਡਿਪਟੀ ਕਮਿਸ਼ਨਰ ਰੋਪੜ ਸ੍ਰੀ ਕੇ. ਡੀ. ਅਰੋੜਾ ਨੇ ਜ਼ਿਲੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ ਤੋਂ ਸੁਚੇਤ ਰਹਿਣ ਅਤੇ ਆਪਸੀ ਭਾਈਚਾਰਾ ਅਤੇ ਅਮਨ ਕਾਇਮ ਰੱਖਣ। ਸ੍ਰੀ ਅਰੋੜਾ ਨੇ ਇਥੇ ਉਚੇਚੇ ਤੌਰ 'ਤੇ ਜ਼ਿਲੇ ਦੇ ਪੱਤਰਕਾਰਾਂ ਨਾਲ ਭੇਂਟ ਕੀਤੀ ਤੇ ਪ੍ਰੈਸ ਰਾਹੀਂ ਇਹ ਅਪੀਲ ਕੀਤੀ। ਸ੍ਰੀ ਅਰੋੜਾ ਨੇ ਵਿਸ਼ਵਾਸ਼ ਦੁਆਇਆ ਕਿ ਜ਼ਿਲਾ ਪ੍ਰਸ਼ਾਸਨ ਕਿਸੇ ਨੂੰ ਵੀ ਅਮਨ ਏਕਤਾ ਦਾ ਮਾਹੌਲ ਖਰਾਬ ਕਰਨ ਦੀ ਆਗਿਆ ਨਹੀਂ ਦੇਵੇਗਾ।

# ਭਾਈ ਮੋਹਕਮ ਸਿੰਘ ਨੂੰ ਮਿਲਣ ਲਈ ਮੁਸ਼ਕਲਾਂ

ਸੰਗਰੂਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਾਰਜਕਾਰਨੀ ਦੇ ਮੈਂਬਰ ਸ: ਕਰਨੈਲ ਸਿੰਘ ਗੁਰਦਾਸਪੁਰ ਅਤੇ ਸੰਗਰੂਰ ਸ਼ਹਿਰ ਦੇ ਪ੍ਰਧਾਨ ਬਲਬੀਰ ਸਿੰਘ ਬੀਰਾ ਨੇ ਦੋਸ਼ ਲਾਇਆ ਹੈ ਕਿ ਸੰਗਰੂਰ ਜੇਲ੍ਹ ਵਿਚ ਨਜ਼ਰਬੰਦ ਭਾਈ ਮੋਹਕਮ ਸਿੰਘ ਨੂੰ ਮਿਲਣ ਦੀ ਆਗਿਆ ਨਹੀਂ ਦਿਤੀ ਜਾ ਰਹੀ ਜਿਸ ਨਾਲ ਟਕਸਾਲ ਤੇ ਫੈਡਰੇਸ਼ਨ ਵਿਚ ਇਸ ਗੱਲ ਲਈ ਸਖਤ ਰੋਸ ਪਾਇਆ ਜਾ ਰਿਹਾ ਹੈ।

ਸ. ਕਰਨੈਲ ਸਿੰਘ ਅਨੁਸਾਰ ਭਾਏ ਮੋਹਕਮ ਸਿੰਘ ਨੂੰ ਮਿਲਣ ਲਈ ਅੰਮ੍ਰਿਤਸਰ ਤੋਂ ਭਾਈ ਦਰਸ਼ਨ ਸਿੰਘ ਤੇ ਭਾਈ ਸਤਵਿੰਦਰ ਸਿੰਘ ਉਚੇਚੇ ਤੌਰ 'ਤੇ ਸੰਗਰੂਰ ਆਏ। ਇਨ੍ਹਾਂ ਕੋਲ ਬਾਬਾ ਠਾਕੁਰ ਸਿੰਘ ਦੀ ਚਿੱਠੀ ਵੀ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾ ਅਨੁਸਾਰ ਜ਼ਿਲਾ ਜੇਲ੍ਹ ਅਧਿਕਾਰੀਆਂ ਦਾ ਭਾਈ ਮੋਹਕਮ ਸਿੰਘ ਨੂੰ ਮਿਲਣ ਆਏ ਵਿਅਕਤੀਆਂ ਨਾਲ ਵਤੀਰਾ ਵੀ ਸਭਿਅਕ ਨਹੀਂ ਸੀ। ਸਿੱਖ ਸਟੂਡੈਂਟਸ ਨੇਤਾ ਨੇ ਇਹ ਵੀ ਦੋਸ਼ ਲਾਇਆ ਕਿ ਭਾਈ ਮੋਹਕਮ ਸਿੰਘ ਲਈ ਲਿਆਂਦੀਆਂ ਖੁਰਾਕ ਸਬੰਧੀ ਚੀਜ਼ਾਂ ਵੀ ਉਨ੍ਹਾਂ ਕੋਲ ਨਾ ਜਾਣ ਦਿੱਤੀਆਂ।

# ਫੈਡਰੇਸ਼ਨ ਵਿਚ ਏਕਤਾ ਰੱਖੀ ਜਾਏ

ਮੋਰਿੰਡਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲਾ ਰੋਪੜ ਦੇ ਕਨਵੀਨਰ ਸ. ਇੰਦਰਜੀਤ ਸਿੰਘ ਰਤਨਗੜ੍ਹ ਨੇ ਕਿਹਾ ਹੈ ਕਿ ਫੈਡਰੇਸ਼ਨ ਸਿੱਖੀ ਸਿਧਾਂਤਾਂ ਉਤੇ ਪਹਿਰਾ ਦਿੰਦੀ ਹੋਈ ਸਿੱਖ ਲਹਿਰ ਨੂੰ ਅੱਗੇ ਵੱਲ ਲਿਜਾ ਰਹੀ ਹੈ ਅਤੇ ਇਸ ਸਮੇਂ ਇਸ ਦੀਆਂ ਸਫਾਂ ਵਿਚ ਹਰ ਤਰ੍ਹਾਂ ਨਾਲ ਏਕਤਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ. ਹਰਿੰਦਰ ਸਿੰਘ ਕਾਹਲੋਂ ਦੀ ਅਗਵਾਈ ਵਿਚ ਫੈਡਰੇਸ਼ਨ ਦਾ ਘੇਰਾ ਵਿਸ਼ਾਲ ਹੋਇਆ ਹੈ ਅਤੇ ਇਹ ਪੱਕੇ ਪੈਰਾਂ 'ਤੇ ਆਣ ਖਲੋਤੀ ਹੈ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿਚ ਜਿਹੜੇ ਵਿਅਕਤੀ ਸ. ਕਾਹਲੋਂ ਦੀ ਆਲੋਚਨਾ ਕਰਦੇ ਹਨ ਉਹ ਸਿਰਫ ਚੌਧਰ ਦੇ ਭੁੱਖੇ ਹਨ।

# ਅਤਿਵਾਦੀਆਂ ਦੇ ਪਾਕਿਸਤਾਨ ਨਾਲ ਸਬੰਧਾਂ ਬਾਰੇ ਵਾਈਟ ਪੇਪਰ ਜਾਰੀ ਕੀਤਾ ਜਾਵੇ — ਅਡਵਾਨੀ

ਲੁਧਿਆਣਾ — ਭਾਰਤੀ ਜਨਤਾ ਪਾਰਟੀ ਦੇ ਜਨਰਲ ਸੈਕਟਰੀ ਐਲ. ਕੇ. ਅਡਵਾਨੀ ਨੇ ਦਹਿਸ਼ਤਪਸੰਦਾਂ ਨੂੰ ਪਾਕਿਸਤਾਨ ਅੰਦਰ ਟਰੇਨਿੰਗ ਦਿਤੇ ਜਾਣ ਦੇ ਮਾਮਲੇ ਵਿਚ ਵਾਈਟ ਪੇਪਰ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ। ਸ੍ਰੀ ਅਡਵਾਨੀ ਦਹਿਸ਼ਤਪਸੰਦਾਂ ਹੱਥੋਂ ਕੁਝ ਨਿਹੱਥੇ ਅਤੇ ਬੇਗੁਨਾਹ ਵਿਅਕਤੀਆਂ ਦੇ ਮਾਰੇ ਜਾਣ ਦੀ ਘਟਨਾ ਤੋਂ ਬਾਅਦ ਸਥਿਤੀ ਦਾ ਜਾਇਜ਼ਾ ਲੈਣ ਲਈ ਇਥੇ ਆਏ ਹੋਏ ਸਨ। ਇਸ ਸਮੇਂ ਕੇਦਾਰ ਨਾਥ ਸਾਹਨੀ, ਮਨਮੋਹਣ ਕਾਲੀਆ ਅਤੇ ਕੁਝ ਹੋਰ ਪਾਰਟੀ ਆਗੂ ਵੀ ਉਨ੍ਹਾਂ ਦੇ ਨਾਲ ਸਨ। ਉਹ ਗੋਲੀ ਕਾਂਡ ਦੌਰਾਨ ਮਰਨ ਵਾਲੇ ਵਿਅਕਤੀਆਂ ਦੇ ਘਰਾਂ ਵਿਚ ਉਨ੍ਹਾਂ ਦੇ ਪਰਿਵਾਰਾਂ ਨੂੰ ਦਿਲਾਸਾ ਦੇਣ ਵੀ ਗਏ। ਬਾਅਦ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਉਨ੍ਹਾਂ ਨੇ ਖੁਦ ਸਵਾਲ ਕੀਤਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਉਂਜ ਤਾਂ ਅਸੀਂ ਪਾਕਿਸਤਾਨ ਨਾਲ ਵਪਾਰਕ ਅਤੇ ਹੋਰ ਖੇਤਰਾਂ ਵਿਚ ਦੋਸਤਾਨਾ ਸਬੰਧਾਂ 'ਚ ਵਾਧੇ ਦੀ ਗੱਲ ਕਰੀਏ ਅਤੇ ਨਾਲ ਦੀ ਨਾਲ ਇਸ ਸਥਿਤੀ ਨੂੰ ਵੀ ਸਵੀਕਾਰ ਕਰੀਏ ਕਿ ਪਾਕਿਸਤਾਨ ਵਲੋਂ ਸਾਡੇ ਦੇਸ਼ ਅੰਦਰ ਗੜਬੜ ਫੈਲਾਉਣ ਲਈ ਦਹਿਸ਼ਤਪਸੰਦਾਂ ਨੂੰ ਟਰੇਨਿੰਗ ਦੇਣ ਦਾ ਕਾਰੋਬਾਰ ਵੀ ਨਾਲ ਦੀ ਨਾਲ ਜਾਰੀ ਰਹੇ। ਉਨ੍ਹਾਂ ਆਖਿਆ ਕਿ ਜਿਥੋਂ ਤੱਕ ਪੰਜਾਬ ਅੰਦਰ ਮੌਜੂਦਾ ਫਿਰਕੂ ਤਣਾਓ ਦੀ ਸਥਿਤੀ ਦਾ ਮਾਮਲਾ ਹੈ — "ਦਹਿਸ਼ਤਪਸੰਦਾਂ ਨੇ ਫਿਰਕੂ ਫਸਾਦਾਂ ਦੀ ਅਜਿਹੀ ਹਾਲਤ ਪੈਦਾ ਕਰ ਦੇਣ ਦਾ ਤਹੱਈਆ ਕੀਤਾ ਹੋਇਆ ਹੈ ਜਿਸ ਨਾਲ ਵੱਖ ਵੱਖ ਖਿਤਿਆ 'ਚ ਰਹਿ ਰਹੇ ਘੱਟ ਗਿਣਤੀ ਲੋਕਾਂ ਦੇ ਇਧਰੋਂ ਉਧਰ ਜਾਣ ਦਾ ਕਰਮ ਸ਼ੁਰੂ ਹੋ ਜਾਵੇ।"

ਸ੍ਰੀ ਅਡਵਾਨੀ ਨੇ ਬਰਨਾਲਾ ਸਰਕਾਰ ਨੂੰ ਇਹ ਗੱਲ ਭਲੀ ਭਾਂਤ ਸਮਝ ਲੈਣ ਲਈ ਆਖਿਆ ਕਿ "ਦਹਿਸ਼ਤਪਸੰਦੀ ਅਤੇ ਬਰਨਾਲਾ ਸਰਕਾਰ — ਦੋਵੇਂ ਗੱਲਾਂ ਨਾਲ ਨਾਲ ਨਹੀਂ ਚਲ ਸਕਦੀਆਂ।"

---

ਹਠਧਰਮੀ ਬੰਦਾ ਆਪਣੇ ਆਪ ਨੂੰ ਹਮੇਸ਼ਾ ਅਧੂਰਾ ਤੇ ਅਸੁਰੱਖਿਅਤ ਮਹਿਸੂਸ ਕਰਦਾ ਹੈ। ਉਹ ਆਪਣੀ ਠੁਕਰਾਈ ਹੋਈ ਹੋਂਦ (ਸੈਲਫ਼) 'ਚੋਂ ਸਵੈ-ਭਰੋਸੇ ਨੂੰ ਜਨਮ ਨਹੀਂ ਦੇ ਸਕਦਾ, ਤੇ ਸਵੈ-ਭਰੋਸਾ ਹਾਸਲ ਕਰਨ ਲਈ ਜਿਹੜਾ ਵੀ ਸਹਾਰਾ ਮਿਲ ਜਾਏ, ਉਸੇ ਨਾਲ ਬੁਰੀ ਤਰ੍ਹਾਂ ਚਿੰਮੜ ਜਾਂਦਾ ਹੈ। ਇਹ ਜਜ਼ਬਾਤੀ ਸਾਂਝ ਉਸ ਦੀ ਅੰਨ੍ਹੀ ਸ਼ਰਧਾ ਤੇ ਧਾਰਮਿਕਤਾ ਦਾ ਤੱਤ ਹੈ। ਤੇ ਆਪਣੇ ਆਪ ਨੂੰ ਉਹ ਉਸ ਮਹਾਨ ਉਦੇਸ਼ ਦਾ ਰਾਖਾ ਸਮਝਦਾ ਹੈ, ਜਿਸ ਨਾਲ ਕਿ ਉਹ ਚਿਮੜਿਆ ਹੋਇਆ ਹੁੰਦਾ ਹੈ। ਉਹ ਕਿਸੇ ਉਦੇਸ਼ ਜਾਂ ਅੰਦੋਲਨ ਨੂੰ ਇਸ ਲਈ ਨਹੀਂ ਅਪਣਾਉਂਦਾ ਕਿ ਉਹ ਸਹੀ ਹੈ, ਸਗੋਂ ਇਸ ਲਈ ਕਿ ਉਸ ਨੂੰ ਕਿਸੇ ਚੀਜ਼ ਦੇ ਸਹਾਰੇ ਦੀ ਸਖ਼ਤ ਲੋੜ ਹੁੰਦੀ ਹੈ।


FOR THE SOUTH ASIAN COMMUNITY

Radio Program

Sabrung

ہر میں اپنی نوعیت کا واحد

RADIO PROGRAM

Music from Bangladesh, Fiji, India, Pakistan & West together with weekend report, interviews, and much more. . .

Producer and host: Irfan Ali.

(415) 928-1650

SUNDAYS 10-12 NOON

KUSF 90.3 FM

Broadcast from San Francisco, California

# ਦਹਿਸ਼ਤਪਸੰਦਾਂ ਵਿਰੁੱਧ ਸਖਤ ਕਾਰਵਾਈ ਹੋਵੇਗੀ — ਰਾਜੀਵ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਸ ਪ੍ਰਗਟ ਕੀਤੀ ਕਿ ਪੰਜਾਬ ਦੀ ਅਕਾਲੀ ਸਰਕਾਰ ਦਹਿਸ਼ਤਪਸੰਦਾਂ ਵਿਰੁਧ ਸਖਤ ਕਾਰਵਾਈ ਕਰ ਕੇ ਇਸ ਵੇਲੇ ਪੈਦਾ ਹੋਈ ਗੰਭੀਰ ਸਥਿਤੀ ਵਿਚ ਤਬਦੀਲੀ ਲਿਆਏਗੀ। ਇਥੇ ਰਾਸ਼ਟਰਪਤੀ ਭਵਨ ਵਿਚ ਮੈਡਲ-ਵੰਡ ਸਮਾਰੋਹ ਤੋਂ ਪਿਛੋਂ ਪੱਤਰਕਾਰਾਂ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਦੀ ਸਥਿਤੀ ਬੜੀ ਨਾਜ਼ਕ ਹੈ। ਸ੍ਰੀ ਰਾਜੀਵ ਗਾਂਧੀ ਨੇ ਕਿਹਾ, "ਪੰਜਾਬ ਸਰਕਾਰ ਕਾਰਵਾਈ ਕਰ ਰਹੀ ਹੈ। ਸਾਨੂੰ ਉਮੀਦ ਹੈ ਕਿ ਰਾਜ ਦੇ ਹਾਲਾਲਤ ਵਿਚ ਤਬਦੀਲੀ ਲਿਆਉਣ ਲਈ ਪੰਜਾਬ ਸਰਕਾਰ ਆਪਣੀ ਕਾਰਵਾਈ ਜਾਰੀ ਰੱਖੇਗੀ ਤੇ ਇਸ ਵਿਚ ਕਾਮਯਾਬ ਵੀ ਹੋਵੇਗੀ।" ਪਾਕਿਸਤਾਨ ਵਿਚ ਦਹਿਸ਼ਤਪਸੰਦਾਂ ਨੂੰ ਦਿੱਤੀ ਜਾਂਦੀ ਸਿਖਲਾਈ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਸਰਕਾਰ ਨੇ ਕਈ ਵਾਰੀ ਇਹ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਸਹੀ ਗੱਲ ਇਹ ਹੈ ਕਿ ਅਸਾਂ ਇਹ ਮਾਮਲਾ ਪਾਕਿਸਤਾਨ ਕੋਲ ਇਹ ਪਰਖ ਕਰਨ ਲਈ ਉਠਾਇਆ ਕਿ ਵਾਕਈ ਪਾਕਿਸਤਾਨ ਭਾਰਤ ਨਾਲ ਆਪਣੇ ਸਬੰਧ ਸੁਧਾਰਨੇ ਚਾਹੁੰਦਾ ਹੈ ਜਾਂ ਕਿ ਸਿਰਫ ਬਿਆਨਬਾਜ਼ੀ ਤਕ ਹੀ ਸੀਮਤ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨੂੰ ਅਜੇ ਵੀ ਇਸ ਗੱਲ ਦੀ ਉਮੀਦ ਹੈ ਕਿ ਪਾਕਿਸਤਾਨ ਇੰਡੀਅਨ ਏਅਰ ਲਾਈਨਜ਼ ਦੇ ਹਵਾਈ ਜਹਾਜ਼ ਦੇ ਅਗਵਾਕਾਰਾਂ ਵਿਰੁਧ ਮੁਕੱਦਮੇ ਦੀ ਕਾਰਵਾਈ ਛੇਤੀ ਮੁਕੰਮਲ ਕਰੇਗਾ।

ਇਸੇ ਦੌਰਾਨ ਲੋਕ ਸਭਾ ਵਿਚ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਕਰਨ ਲਈ ਜਨਤਾ ਪਾਰਟੀ ਦੇ ਪ੍ਰੋਫੈਸਰ ਮਧੂ ਦੰਡਵਤੇ ਦੀ ਅਗਵਾਈ ਵਿਚ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਕਿ ਹੋਰ ਸਵਾਲਾਂ ਜਵਾਬਾਂ ਦਾ ਸਮਾਂ ਮੁਲਤਵੀ ਕੀਤਾ ਜਾਵੇ। ਪ੍ਰੋ: ਮਧੂ ਦੰਡਵਤੇ ਨੇ ਕਿਹਾ ਕਿ ਸਰਹੱਦੀ ਪ੍ਰਾਂਤ ਵਿਚ ਜਿਹੜੀ ਸਥਿਤੀ ਇਸ ਵੇਲੇ ਬਣੀ ਹੋਈ ਹੈ ਉਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਭਾਰਤ ਉਤੇ ਜੰਗ ਲੱਦਣਾ ਚਾਹੁੰਦੇ ਹਨ। ਅਜਿਹੀ ਸਥਿਤੀ ਸਾਰੇ ਦੇਸ਼ ਲਈ ਚਿੰਤਾ ਦਾ ਕਾਰਨ ਹੈ।

ਸ੍ਰੀ ਬਲਰਾਮ ਜਾਖੜ ਨੇ ਕਿਹਾ ਕਿ ਉਹ ਵੀ ਬਾਕੀ ਮੈਂਬਰਾਂ ਤੇ ਹਰ ਸ਼ਹਿਰੀ ਵਾਂਗ ਹੀ ਇਸ ਸਥਿਤੀ ਤੋਂ ਚਿੰਤਾਤੁਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਚਲਾਉਣ ਲਈ ਸਾਨੂੰ ਇਕਮੁੱਠ ਹੋ ਕੇ ਕੰਮ ਕਰਨਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜਿਹੜੇ ਕਿ ਸਦਨ ਵਿਚ ਮੌਜੂਦ ਸਨ ਨੇ ਕਿਹਾ ਕਿ ਗ੍ਰਹਿ ਮੰਤਰੀ ਵਿਰੋਧੀ ਮੈਂਬਰਾਂ ਨੂੰ ਮਿਲਣਗੇ ਤੇ ਉਨ੍ਹਾਂ ਦੇ ਨਾਲ ਸਾਰਾ ਮਾਮਲਾ ਵਿਚਾਰਨਗੇ। ਰਾਜੀਵ ਗਾਂਧੀ ਨੇ ਕਿਹਾ ਕਿ ਉਹ ਬਾਅਦ ਵਿਚ ਆਪ ਵੀ ਉਨ੍ਹਾਂ ਨੂੰ ਮਿਲਣਗੇ।

ਸ੍ਰੀ ਬਲਰਾਮ ਜਾਖੜ ਦਾ ਵਿਚਾਰ ਸੀ ਕਿ ਪੰਜਾਬ ਦੇ ਲੋਕਾਂ ਵਿਚਕਾਰ ਆਪਸ ਮਤਭੇਦ ਪੈਦਾ ਕੀਤੇ ਜਾਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਹੜਾ ਆਦਮੀ ਤੇ ਆਦਮੀ ਵਿਚਕਾਰ ਫਰਕ ਰਖਦਾ ਹੈ ਉਹ ਆਦਮੀ ਹੀ ਨਹੀਂ। ਤੁਸੀਂ ਬੈਠ ਕੇ ਵੀ ਗਲ ਕਰ ਸਕਦੇ ਹੋ।

ਕਾਲੇ ਰੰਗ ਸੰਗ ਗੋਰਾ ਰੰਗ ਜਦ ਲੜਦਾ ਹੈ।
ਮਾਨਵਤਾ ਨੂੰ ਕੰਬ ਕੇ ਤੇਈਆ ਚੜ੍ਹਦਾ ਹੈ।

# ਜੰਮੂ-ਕਸ਼ਮੀਰ 'ਚ ਚੋਰੀ ਦਾਖਲ ਹੋਣ ਵਾਲਿਆਂ ਨੂੰ ਗੋਲੀ ਦੇ ਆਦੇਸ਼

ਸ੍ਰੀਨਗਰ — ਸੁਰੱਖਿਆ ਫੌਜਾਂ ਨੂੰ ਕਿਸੇ ਵੀ ਅਜਿਹੇ ਵਿਅਕਤੀ ਨੂੰ ਜਿਸਦੇ ਕਿ ਚੋਰੀ ਛਿਪੇ ਗੁਆਂਢੀ ਰਾਜ ਪੰਜਾਬ, ਗੁਆਂਢੀ ਦੇਸ਼ ਪਾਕਿਸਤਾਨ ਜਾਂ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ 'ਚੋਂ ਜੰਮੂ-ਕਸ਼ਮੀਰ ਵਿਚ ਦਾਖਲ ਹੋਣ ਦਾ ਸੰਦੇਹ ਪੈਦਾ ਹੋਵੇ, ਉਸ ਨੂੰ ਗੋਲੀ ਮਾਰ ਦੇਣ ਦੇ ਆਦੇਸ਼ ਦਿਤੇ ਗਏ ਹਨ। ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਅੰਦਰ ਗੜਬੜ ਅਤੇ ਹਿੰਸਾ 'ਚ ਵਾਧੇ ਦੇ ਰੁਝਾਨ ਨੂੰ ਵੇਖਦੇ ਹੋਏ ਇਹ ਸਖਤ ਆਦੇਸ਼ ਪੰਜਾਬ ਅਤੇ ਪਾਕਿਸਤਾਨ ਤੋਂ ਜੰਮੂ-ਕਸ਼ਮੀਰ ਵਿਚ ਕਿਸੇ ਵੀ ਕਿਸਮ ਦੀ ਨਜਾਇਜ਼ ਘੁਸਪੈਂਠ ਰੋਕਣ ਲਈ ਦਿਤੇ ਗਏ ਹਨ। ਸਰਕਾਰੀ ਹਲਕਿਆਂ ਦਾ ਵਿਸ਼ਵਾਸ਼ ਹੈ ਕਿ ਪੰਜਾਬ ਸਰਕਾਰ ਵਲੋਂ ਦਹਿਸ਼ਤਪਸੰਦਾਂ ਦੀਆਂ ਗਤੀਵਿਧੀਆਂ ਉਤੇ ਕਾਬੂ ਪਾਉਣ ਲਈ ਸ਼ੁਰੂ ਕੀਤੀ ਗਈ ਵਿਆਪਕ ਮੁਹਿੰਮ ਨੂੰ ਵੇਖਦੇ ਹੋਏ ਬਹੁਤ ਸੰਭਵ ਹੈ ਕਿ ਇਸ ਕਿਸਮ ਦੇ ਕੁਝ ਅਨਸਰਾਂ ਵਲੋਂ ਪਕੜੇ ਜਾਣ ਤੋਂ ਬਚਣ ਲਈ ਜੰਮੂ-ਕਸ਼ਮੀਰ ਅੰਦਰ ਪਨਾਹ ਲੈਣ ਦੀ ਕੋਸ਼ਿਸ਼ ਕੀਤੀ ਜਾਵੇ।

ਇਸੇ ਦੌਰਾਨ ਸੁਰੱਖਿਆ ਅਧਿਕਾਰੀਆਂ ਵਲੋਂ ਕਸ਼ਮੀਰ ਵਾਦੀ ਅੰਦਰ ਸਰਗਰਮ ਸਮਾਜ ਵਿਰੋਧੀ ਅਨਸਰਾਂ ਦੇ ਨਾਵਾਂ ਦੀਆਂ ਸੂਚੀਆਂ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਉਪਰ ਕਰੜੀ ਨਿਗਾਹ ਰੱਖੀ ਜਾ ਰਹੀ ਹੈ।

# ਕਿਸਾਨਾਂ ਲਿੰਕ ਨਹਿਰ ਦੀ ਪੁਟਾਈ ਫਿਰ ਰੋਕੀ

ਮੋਰਿੰਡਾ — ਇਥੋਂ 15 ਕਿਲੋਮੀਟਰ ਦੂਰ ਮਜ਼ਾਤ ਵਿਖੇ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਸ: ਅਜਮੇਰ ਸਿੰਘ ਲੱਖੋਵਾਲ, ਸ. ਗੁਰਬਚਨ ਸਿੰਘ ਭਾਮੀਆਂ, ਪੀ. ਐਸ. ਯੂ. ਦੇ ਨੇਤਾ ਸ: ਮੇਜਰ ਸਿੰਘ ਮੱਟਰਾਂ, ਇਨਕਲਾਬੀ ਕਮਿਊਨਿਸਟ ਪਾਰਟੀ (ਭਾਰਤ) ਦੇ ਨੇਤਾ ਸ. ਮਾਲਵਿੰਦਰ ਸਿੰਘ ਮਾਲੀ, ਜ਼ਿਲਾ ਯੂਥ ਵਿੰਗ ਅਕਾਲੀ ਦਲ ਦੇ ਜਨਰਲ ਸਕੱਤਰ ਅਵਤਾਰ ਸਿੰਘ ਬਨਵਾੜਾ ਦੀ ਅਗਵਾਈ ਵਿਚ ਲਿੰਕ ਨਹਿਰ ਦੀ ਪੁਟਾਈ ਨੂੰ ਰੋਕਣ ਲਈ ਮੋਰਚਾ ਆਰੰਭ ਦਿਤਾ ਹੈ।

ਕਰੀਬ 1200 ਤੋਂ ਉਪਰ ਕਿਸਾਨ, ਜੋ ਪੰਜਾਬ ਦੇ ਕਪੂਰਥਲਾ, ਪਟਿਆਲਾ, ਲੁਧਿਆਣਾ, ਬਠਿੰਡਾ, ਫਰੀਦਕੋਟ, ਰੋਪੜ ਤੋਂ ਆਏ ਸਨ, ਮੋਰਿੰਡਾ ਵਿਚ ਇਕੱਠੇ ਹੋਏ। ਮੋਰਿੰਡਾ ਤੋਂ ਉਹ ਟਰੈਕਟਰ ਟਰਾਲੀਆਂ ਰਾਹੀਂ ਪਿੰਡ ਮਜ਼ਾਤ ਪਹੁੰਚੇ ਜਿਥੇ ਨਹਿਰ ਦੀ ਪੁਟਾਈ ਹੋ ਰਹੀ ਹੈ। ਕਿਸਾਨਾਂ ਨੇ ਲਿੰਕ ਨਹਿਰ ਦੀ ਪੁਟਾਈ ਰੋਕ ਦਿਤੀ ਅਤੇ ਸਰਵੇ ਸਟਾਫ ਵਲੋਂ ਲਾਈਆਂ ਝੰਡੀਆਂ ਵੀ ਪਾੜ ਦਿਤੀਆਂ। ਇਸ ਸਮੇਂ ਸੀ. ਆਰ. ਪੀ. ਤੇ ਪੰਜਾਬ ਪੁਲੀਸ ਦੇ ਜਵਾਨ ਭਾਰੀ ਗਿਣਤੀ ਵਿਚ ਤੈਨਾਤ ਸਨ।

ਕਿਸਾਨਾਂ ਦੇ ਪਹੁੰਚਣ ਉਤੇ ਨਹਿਰ ਦੀ ਪੁਟਾਈ ਕਰ ਰਿਹਾ ਅਮਲਾ ਆਪਣੇ ਟਰੈਕਟਰ ਤੇ ਹੋਰ ਮਸ਼ੀਨਰੀ ਨੂੰ ਲੈ ਕੇ ਇਕ ਪਾਸੇ ਚਲੇ ਗਏ। ਇਸ ਤੋਂ ਬਾਅਦ ਕਿਸਾਨਾਂ ਨੇ ਆਪਣੀਆਂ ਟਰਾਲੀਆਂ ਵਗੈਰਾ ਇਕ ਪਾਸੇ ਖੜ੍ਹੀਆਂ ਕਰ ਦਿਤੀਆਂ ਅਤੇ ਰੋਹਪੂਰਨ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਕਿ "ਨਹਿਰ ਦੀ ਪੁਟਾਈ ਬੰਦ ਕਰੋ", ਪੰਜਾਬ ਦੇ ਪਾਣੀਆਂ 'ਤੇ ਪੈਂਦਾ ਡਾਕਾ ਰੋਕੋ, 'ਨਹਿਰ ਦੀ ਸੇਧ ਬਦਲ ਕੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਕਰੋ' ਅਤੇ 'ਭਾਰਤੀ ਕਿਸਾਨ ਯੂਨੀਅਨ ਜ਼ਿੰਦਾਬਾਦ।'

ਇਸ ਸਮੇਂ ਕਿਸਾਨਾਂ ਵਲੋਂ ਇਸੇ ਜਗ੍ਹਾਂ ਉਪਰ ਸ਼ੁਰੂ ਕਰ ਦਿਤੀ ਗਈ। ਰੈਲੀ ਨੂੰ ਭਾਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਅਜਮੇਰ ਸਿੰਘ ਲੱਖੋਵਾਲ ਨੇ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਜੋ ਮੋਰਚਾ ਅਸੀਂ ਸਤਲੁਜ-ਯਮਨਾ ਲਿੰਗ ਨਹਿਰ ਦੀ ਸੇਧ ਨੂੰ ਬਦਲਣ ਲਈ 17 ਅਕਤੂਬਰ - 1985 ਤੋਂ ਪਥਰੇੜੀ, ਮੋਰਿੰਡਾ ਵਿਖੇ ਲਗਾਇਆ ਸੀ — ਅੱਜ ਤੋਂ ਉਹ ਆਪਣੇ ਦੂਸਰੇ ਦੌਰ ਵਿਚ ਦਾਖਲ ਹੋ ਗਿਆ ਹੈ ਅਤੇ ਇਹ ਉਸ ਸਮੇਂ ਤੱਕ ਜਾਰੀ ਰਹੇਗਾ ਜਦੋਂ ਤਕ ਸਰਕਾਰ ਲਿੰਕ ਨਹਿਰ ਦੀ ਸੇਧ ਬਦਲਣ ਬਾਰੇ ਉਨ੍ਹਾਂ ਦੀ ਮੰਗ ਪ੍ਰਵਾਨ ਨਹੀਂ ਕਰ ਲੈਂਦੀ ਅਤੇ ਇਸ ਨੂੰ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਕੱਢਣ ਦਾ ਐਲਾਨ ਨਹੀਂ ਕਰ ਦਿੰਦੀ।

ਉਨ੍ਹਾਂ ਮੌਜੂਦਾ ਬਰਨਾਲਾ ਸਰਕਾਰ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਬਿਹਤਰ ਇਹ ਹੀ ਰਹੇਗਾ ਕਿ ਉਹ ਇਸ ਭੁਲੇਖੇ ਵਿਚੋਂ ਬਾਹਰ ਆ ਜਾਵੇ ਕਿ ਉਹ ਨਹਿਰ ਮੌਜੂਦਾ ਕੀਤੇ ਗਏ ਲਿੰਕ ਨਹਿਰ ਦੇ ਸਰਵੇ ਦੀਆਂ ਲੀਹਾਂ ਤੇ ਕੱਢਣ ਵਿਚ ਕਾਮਯਾਬ ਹੋ ਜਾਵੇਗੀ।

ਕਿਸਾਨ ਆਗੂ ਨੇ ਚਿਤਾਵਨੀ ਦਿਤੀ ਕਿ ਯੂਨੀਅਨ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੇ ਇਸ ਸਬੰਧ ਵਿਚ ਕਿਸੇ ਵੀ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ ਬੇਸ਼ਕ ਉਸ ਨੂੰ ਕਿਤਨੇ ਵੀ ਜ਼ਿਆਦਾ ਸਮੇਂ ਲਈ ਅਤੇ ਕਿਤਨੀਆਂ ਜ਼ਿਆਦਾ ਕੁਰਬਾਨੀਆਂ ਵੀ ਕਿਉਂ ਨਾ ਦੇਣੀਆਂ ਪੈਣ। ਪ੍ਰੰਤੂ ਇਸਦੇ ਨਾਲ ਹੀ ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿਚ ਸਪਸ਼ਟ ਕੀਤਾ ਕਿ ਆਪਣੀ ਦ੍ਰਿੜਤਾ ਦੇ ਬਾਵਜੂਦ ਯੂਨੀਅਨ ਵਲੋਂ ਆਪਣਾ ਮੋਰਚਾ ਸ਼ਾਂਤਮਈ ਰੱਖਿਆ ਜਾਵੇਗਾ।

ਇਸ ਸਮੇਂ ਉਨ੍ਹਾਂ ਨਹਿਰ ਦੀ ਖੁਦਾਈ ਕਰ ਰਹੇ ਅਮਲੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਮਸ਼ੀਨਾਂ ਲੈ ਲੈਣ। ਉਨ੍ਹਾਂ ਆਖਿਆ ਕਿ ਰਾਤ ਬਰਾਤੇ ਕੋਈ ਸ਼ਰਾਰਤੀ ਅਨਸਰ ਕਿਧਰੇ ਮਸ਼ੀਨਰੀ ਦਾ ਜਾਂ ਕਿਸੇ ਕਿਸਮ ਦਾ ਕੋਈ ਹੋਰ ਨੁਕਸਾਨ ਕਰ ਜਾਂਦਾ ਹੈ ਤਾਂ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

# "ਪੰਜਾਬ ਦੀ ਵਿਗੜਦੀ ਹਾਲਤ ਲਈ ਕੇਂਦਰ ਤੇ ਰਾਜ ਸਰਕਾਰਾਂ ਜ਼ਿੰਮੇਂਵਾਰ"

## ਗੁਰਚਰਨ ਸਿੰਘ ਰੰਧਾਵਾ ਸੀ. ਪੀ. ਐਮ

ਫਗਵਾੜਾ — ਰਾਜ ਸੀ. ਪੀ. ਐਮ. ਦੇ ਮੁਖ ਆਗੂ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਨੇ ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਇਹ ਗੱਲ ਕਹੀ। ਉਹਨਾਂ ਕਿਹਾ ਕਿ ਅਤਿਵਾਦੀ ਵੱਡੀ ਗਿਣਤੀ ਵਿਚ ਕਤਲੇਆਮ ਕਰ ਰਹੇ ਹਨ ਇਸ ਖਿਆਲ ਨਾਲ ਕਿ ਉਹ ਖਾਲਿਸਤਾਨ ਦੀ ਸਥਾਪਨਾ ਕਰ ਲੈਣਗੇ ਇਸ ਤਰ੍ਹਾਂ ਦੀਆਂ ਵਾਰਦਾਤਾਂ ਕਰਕੇ। ਇਸ ਤਰ੍ਹਾਂ ਦਾ ਮਾਹੌਲ ਪੈਦਾ ਹੋਣ ਨਾਲ ਲੋਕ ਪੰਜਾਬ ਵਿਚੋਂ ਬਾਹਰ ਜਾਣ ਲੱਗ ਜਾਣਗੇ ਤੇ ਬਾਹਰ ਵਸਦੇ ਲੋਕ ਪੰਜਾਬ ਆਉਣ ਲਗ ਜਾਣਗੇ। ਉਹਨਾਂ ਹਿੰਦੂ ਸ਼ਿਵ ਸੈਨਾ ਜੋ ਕਿ ਹਿੰਦੂਆਂ ਦੀ ਰਾਖੀ ਦੀਆਂ ਗੱਲਾਂ ਕਰਦੀ ਹੈ ਦੀ ਨਿਖੇਧੀ ਕੀਤੀ ਉਹਨਾਂ ਕਿਹਾ ਕਿ ਇਹਨਾਂ ਦੀਆਂ ਕਾਰਵਾਈਆਂ ਨਾਲ ਅਤਿਵਾਦੀਆਂ ਦੇ ਹੱਥ ਮਜ਼ਬੂਤ ਹੁੰਦੇ ਹਨ। ਉਹਨਾਂ ਅਗੇ ਕਿਹਾ ਕਿ ਅਕਾਲੀਆਂ ਵਿਚ ਵੀ ਕੁਝ ਤੱਤ ਹਨ ਜੋ ਅਤਿਵਾਦੀਆਂ ਦਾ ਦਮ ਭਰਦੇ ਹਨ। ਉਹਨਾਂ ਮੰਗ ਕੀਤੀ ਕਿ ਚੰਡੀਗੜ੍ਹ ਨੂੰ ਤੁਰੰਤ ਪੰਜਾਬ ਨੂੰ ਦਿਤਾ ਜਾਵੇ। ਕਾਮਰੇਡ ਰੰਧਾਵਾ ਨੇ ਕਿਹਾ ਕਿ ਉਹ ਬੀ. ਜੇ. ਪੀ. ਅਤੇ ਕਾਂਗਰਸ ਆਈ ਦੇ ਇਸ ਸਟੈਂਡ ਨਾਲ ਸਹਿਮਤ ਨਹੀਂ ਕਿ ਸਮਝੌਤੇ ਦਾ ਲਾਗੂ ਕਰਨਾ ਅਤੇ ਪੰਜਾਬ ਦੀ ਵਿਗੜਦੀ ਹਾਲਤ ਦੋ ਵੱਖਰੇ ਮਾਮਲੇ ਹਨ। ਸਤਲੁਜ-ਯਮਨਾ ਲਿੰਕ ਵਾਰੇ ਭਾਰਤੀ ਕਿਸਾਨ ਯੂਨੀਅਨ ਦੀ ਐਜੀਟੇਸ਼ਨ ਪੰਜਾਬ ਸਮਝੌਤੇ ਨੂੰ ਤਾਰਪੀਡੋ ਕਰੇਗੀ। ਇਹ ਚਿਤਾਵਨੀ ਉਹਨਾਂ ਮੁਖ ਮੰਤਰੀ ਬਰਨਾਲਾ ਨੂੰ ਦਿੱਤੀ।


# VAISAKHI GREETINGS



We wish you and your families the warmth of the VAISAKHI season and health and happiness for 1986

We are proud to serve as your provincial representives in government and wish to stay in touch with your concerns in Vancouver South.



**Stephen Rogers**
M.L.A. Vancouver South

**Russel Fraser**
Minister of Post Secondary Education
M.L.A. Vancouver South

# VAISAKHI

# GREETINGS

# TO

# ALL

# INDO-CANADIANS

# of

# EAST INDIAN ORIGIN

---

# INDO-CANADIAN

# FRIENDSHIP SOCIETY

# VANCOUVER, B.C.

# ਬਦਅਮਨੀ ਦੀਆਂ ਤਾਕਤਾਂ ਨੂੰ ਭਾਂਜ ਦੇਣ ਲਈ ਏਕੇ ਦਾ ਸੱਦਾ

ਚੰਡੀਗੜ੍ਹ — ਪੰਜਾਬ ਵਿਧਾਨ ਸਭਾ ਵਿਚ ਰਾਜ ਅੰਦਰ ਹਿੰਸਾ ਅਤੇ ਬਦਅਮਨੀ ਫੈਲਾਉਣ ਵਾਲੀਆਂ ਤਾਕਤਾਂ ਨੂੰ ਹਾਰ ਦੇਣ ਲਈ ਪੰਜਾਬ ਦੇ ਲੋਕਾਂ ਨੂੰ ਏਕੇ ਦਾ ਸੱਦਾ ਦਿਤਾ ਗਿਆ। ਸਦਨ ਵਿਚ ਜਨਤਾ ਵਿਧਾਇਕ ਕ੍ਰਿਪਾਲ ਸਿੰਘ ਵਲੋਂ ਰੱਖੇ ਗਏ ਮਤੇ ਵਿਚ ਸਦਨ ਦੇ ਮੈਂਬਰਾਂ ਨੇ ਰਾਜ ਵਿਚ ਸਮਾਜ ਵਿਰੋਧੀ, ਕੌਮ ਵਿਰੋਧੀ ਅਤੇ ਵਿਦੇਸ਼ੀ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਤੱਤਾਂ ਦੀਆਂ ਸਰਗਰਮੀਆਂ ਉਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਪੰਜਾਬ ਦੇ ਲੋਕਾਂ ਨੂੰ ਰਾਜ ਦੀ ਫਿਰਕੂ ਸਦਭਾਵਨਾ ਅਤੇ ਦੇਸ਼ ਦੀ ਅਖੰਡਤਾ ਦੀ ਰਾਖੀ ਦਾ ਸੱਦਾ ਦਿੱਤਾ।

ਬਹਿਸ ਵਿਚ ਹਿੱਸਾ ਲੈਂਦੇ ਹੋਏ ਅਕਾਲੀ ਮੈਂਬਰਾਂ ਨੇ ਮੰਗ ਕੀਤੀ ਕਿ ਮਤੇ ਵਿਚ ਸੋਧ ਕਰਕੇ ਜੋਧਪੁਰ ਵਿਚ ਨਜ਼ਰਬੰਦਾਂ ਨਾਲ ਗਲਬਾਤ ਕਰਨ ਅਤੇ ਜੇਲ੍ਹਾਂ ਵਿਚ ਨਜ਼ਰਬੰਦ ਨੌਜਵਾਨਾਂ ਨੂੰ ਆਮ ਮੁਆਫੀ ਦੇਣ ਦੀ ਮੱਦ ਵੀ ਸ਼ਾਮਲ ਕੀਤੀ ਜਾਵੇ। ਮੈਂਬਰਾਂ ਨੇ ਚਿਤਾਵਨੀ ਦਿਤੀ ਕਿ ਜੇਕਰ ਪੰਜਾਬ ਵਿਚ ਮਸਲੇ ਦੇ ਹਲ ਲਈ ਹੋਰ ਤਾਕਤ ਦੀ ਵਰਤੋਂ ਕੀਤੀ ਗਈ ਤਾਂ ਇਸ ਦੇ ਸਿੱਟੇ ਖਤਰਨਾਕ ਨਿਕਲਣਗੇ। ਅਕਾਲੀ ਵਿਧਾਇਕ ਕੁਲਦੀਪ ਸਿੰਘ ਵਡਾਲਾ ਨੇ ਕਿਹਾ ਕਿ ਪੰਜਾਬ ਦੇ ਮਸਲੇ ਦਾ ਹਲ ਲੱਭਣ ਲਈ ਇਥੋਂ ਦੇ ਲੋਕਾਂ ਦੇ ਰਾਜਸੀ, ਧਾਰਮਿਕ ਅਤੇ ਆਰਥਿਕ ਹਿਤ ਸੁਰੱਖਿਅਤ ਰੱਖੇ ਜਾਣ। ਉਨ੍ਹਾਂ ਕਿਹਾ ਕਿ ਗੋਲੀਆਂ ਅਤੇ ਸਜ਼ਾਵਾਂ ਨਾਲ ਮਸਲੇ ਹੱਲ ਨਹੀਂ ਹੋ ਸਕਦੇ। ਖਾਲਿਸਤਾਨ ਨਾਲ ਜੋੜ ਕੇ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਅਕਾਲੀ ਵਿਧਾਇਕ ਨਰਿੰਦਰ ਸਿੰਘ ਨੇ ਮਤੇ ਉਤੇ ਬੋਲਦੇ ਹੋਏ ਕਿਹਾ ਕਿ ਬਟਾਲਾ ਵਿਚ ਕਾਂਗਰਸ ਨੇ ਗਲਤ ਢੰਗ ਨਾਲ ਸਥਿਤੀ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਅਤੇ ਕਾਂਗਰਸ (ਇ) ਪਾਰਟੀ ਨੇ ਸਥਿਤੀ ਨੂੰ ਗਲਤ ਰੂਪ ਦੇ ਕੇ ਪੇਸ਼ ਕੀਤਾ। ਕਾਂਗਰਸ (ਆਈ) ਮੈਂਬਰ ਸਹੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹਨ।

ਅਕਾਲੀ ਵਿਧਾਇਕ ਬਚਿੱਤਰ ਸਿੰਘ ਨੇ "ਪੰਜਾਬੀ ਟ੍ਰਿਬਿਊਨ" ਦਾ ਵਿਸ਼ੇਸ਼ ਜ਼ਿਕਰ ਕਰਦੇ ਹੋਏ ਕਿਹਾ ਕਿ ਅਖਬਾਰ ਦੇ ਸੰਪਾਦਕ ਨੇ ਆਪਣੇ ਸੰਪਾਦਕੀ ਵਿਚ ਕੇਂਦਰ ਦੀ ਖੋਟ ਦਾ ਸਾਫ ਜ਼ਿਕਰ ਹੈ। ਇਸ ਲਈ ਬਿਮਾਰੀ ਨੂੰ ਜੜ੍ਹੋਂ ਫੜਨ ਦੀ ਲੋੜ ਹੈ।

ਅਕਾਲੀ ਵਿਧਾਇਕ ਜਸਦੇਵ ਸਿੰਘ ਸੰਧੂ ਨੇ ਕਿਹਾ ਕਿ ਦੇਸ਼ ਦਾ ਪ੍ਰੈਸ ਪੰਜਾਬੀਆਂ ਨੂੰ ਖੂਨ ਵਿਚ ਰੰਗੇ ਵੇਖ ਕੇ ਖੁਸ਼ ਹੁੰਦਾ ਹੈ। ਹਰਿਆਣਾ ਵਿਚ ਅੰਬਾਲਾ ਅਤੇ ਯਮੁਨਾਨਗਰ ਵਿਚ ਸਿੱਖਾਂ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ ਪ੍ਰੰਤੂ ਕਿਸੇ ਨੇ ਖਬਰ ਨਹੀਂ ਦਿੱਤੀ। ਪੰਜਾਬ ਦੀਆਂ ਬੱਸਾਂ ਉਤੇ ਪਥਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਕ ਫਿਰਕੇ ਦੇ ਲੋਕਾਂ ਨੂੰ ਕੁੱਟਣਾ, ਮਾਰਨਾ ਅਤੇ ਪੰਜਾਬ ਮਸਲੇ ਨੂੰ ਅਮਨ ਕਾਨੂੰਨ ਦਾ ਮਸਲਾ ਸਮਝਣ ਨਾਲ ਹਾਲਾਤ ਨਹੀਂ ਸੁਧਰ ਸਕਦੇ।

ਅਕਾਲੀ ਵਿਧਾਇਕ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਮਤੇ ਵਿਚ ਨਵੰਬਰ ਦੇ ਦੰਗਿਆਂ ਦੇ ਦੋਸ਼ੀਆਂ ਉਪਰ ਮੁਕੱਦਮੇ ਚਲਾਉਣ ਦੀ ਮੰਗ ਵੀ ਕੀਤੀ ਜਾਵੇ। ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਇਕ ਕਾਰਨ ਇਹ ਵੀ ਹੈ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ।

ਅਕਾਲੀ ਵਿਧਾਇਕ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੀਆਂ ਘਟਨਾਵਾਂ ਲਈ ਦਿੱਲੀ ਵਿਚ ਬੈਠੇ ਲੋਕ ਵੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦਾ ਇਕ ਵਜ਼ੀਰ ਵੀ ਇਨ੍ਹਾਂ ਘਟਨਾਵਾਂ ਵਿਚ ਦਿਲਚਸਪੀ ਰਖਦਾ ਹੈ। ਗੁਆਂਢ ਦਾ ਮੁੱਖ ਮੰਤਰੀ ਵੀ ਪੰਜਾਬ ਦੇ ਹਾਲਾਤ ਨੂੰ ਵਿਗਾੜ ਰਿਹਾ ਹੈ। ਅਰਜਨ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਜ਼ਬਰਦਸਤੀ ਨਹੀਂ ਦਬਾਇਆ ਜਾ ਸਕਦਾ। ਬਾਅਦ ਵਿਚ ਮਤਾ ਸਰਬਸੰਮਤੀ ਨਾਲ ਪਾਸ ਹੋ ਗਿਆ।


All Work Fully Guaranteed :: Courtesy Cars Available

**MINT**
AUTO BODY LTD.
ALIGNMENT and FRAME

• Repair All Makes and Models •

5590 Lane Street
Burnaby, B.C.
V5H 2H5

BHUPINDER (Bob) SIHOTA
Phone: 433-1207


# ਨਕੋਦਰ ਕਾਂਡ ਦੇ ਹੋਰ ਵੇਰਵੇ

## ਅਤਿਵਾਦੀ ਗਿਆਨੀ ਰੌਸ਼ਨ ਸਿੰਘ ਦੇ ਫਾਰਮ ਤੋਂ ਫੜੇ

ਚੰਡੀਗੜ੍ਹ — ਜਲੰਧਰ ਤੋਂ ਕੁਝ ਮੀਲ ਦੂਰ ਸਥਿਤ ਕਸਬਾ ਨਕੋਦਰ ਵਿਚ ਇਕ ਜੀਪ ਵਿਚ ਸਵਾਰ ਹੋ ਕੇ ਅੱਠ ਬੇਗੁਨਾਹ ਬੰਦਿਆਂ ਨੂੰ ਮਾਰਨ ਵਾਲੇ ਅੱਠ ਦਹਿਸ਼ਤਪਸੰਦਾਂ ਵਿਚੋਂ ਤਿੰਨ ਨੂੰ ਫੜ ਲੈਣ ਦਾ ਦਾਅਵਾ ਕੀਤਾ ਗਿਆ ਹੈ। ਇਹ ਗ੍ਰਿਫਤਾਰੀਆਂ ਗੋਲੀ ਕਾਂਡ ਦੇ 24 ਘੰਟਿਆਂ ਅੰਦਰ ਹੀ ਕਰ ਲਈਆਂ ਗਈਆਂ ਸਨ। ਇਸ ਬਾਰੇ ਐਲਾਨ ਪੰਜਾਬ ਪੁਲੀਸ ਦੇ ਦੋ ਦਿਨ ਪਹਿਲਾਂ ਲਾਏ ਗਏ ਨਵੇਂ ਡਾਇਰੈਕਟਰ ਜਨਰਲ ਜੇ. ਐਫ. ਰਿਬੇਰੋ ਨੇ ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਕੀਤਾ।

ਇਸ ਸਮੇਂ ਫਗਵਾੜਾ ਲਾਗੇ ਪਿੰਡ ਪਾਂਛਟਾ ਵਿਚ ਦੋ ਦਹਿਸ਼ਤਪਸੰਦ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਹਨ। ਦਹਿਸ਼ਤਪਸੰਦਾਂ ਦੇ ਇਸ ਟੋਲੇ ਦਾ ਮੁਖੀਆ ਮਨਬੀਰ ਸਿੰਘ ਉਰਫ ਹਰੀ ਸਿੰਘ ਤੇ ਉਸਦੇ ਚਾਰ ਸਾਥੀ ਬਚ ਨਿਕਲਣ ਵਿਚ ਸਫਲ ਹੋ ਗਏ। ਜਲੰਧਰ-ਕਪੂਰਥਲਾ ਜ਼ਿਲਿਆਂ ਦੀ ਸੀਮਾ 'ਤੇ ਸਥਿਤੀ ਸੰਯੁਕਤ ਅਕਾਲੀ ਦਲ ਦੇ ਨੇਤਾ ਗਿਆਨੀ ਰੌਸ਼ਨ ਸਿੰਘ ਦੇ ਫਾਰਮ ਹਾਊਸ ਤੋਂ ਇਹ ਬੰਦੇ ਫੜੇ ਗਏ। ਵਾਰਦਾਤ ਲਈ ਵਰਤੀ ਜੀਪ ਵੀ ਬਰਾਮਦ ਕਰ ਲਈ ਗਈ ਸੀ।

ਪੰਜਾਬ ਪੁਲੀਸ ਦੇ ਨਵ-ਨਿਯੁਕਤ ਮੁਖੀ ਜੇ. ਐਫ. ਰਿਬੇਰੋ ਨੇ ਇਥੇ ਇਕ ਪੱਤਰਕਾਰ ਸੰਮੇਲਨ ਵਿਚ ਦੱਸਿਆ ਕਿ ਗੁਪਤ ਸੂਚਨਾਵਾਂ ਦੇ ਆਧਾਰ 'ਤੇ ਪੁਲੀਸ ਦੀ ਇਕ ਪੰਜ ਮੈਂਬਰੀ ਟੁਕੜੀ ਨੇ ਸਵੇਰੇ ਅੱਠ ਵਜੇ ਅਚਾਨਕ ਗਿਆਨੀ ਰੌਸ਼ਨ ਸਿੰਘ ਦੇ ਫਾਰਮ ਹਾਊਸ ਉਪਰ ਛਾਪਾ ਮਾਰਿਆ ਅਤੇ ਉਥੋਂ ਤਿੰਨ ਕੱਟੜ ਦਹਿਸ਼ਤਪਸੰਦਾਂ ਨੂੰ ਫੜ ਲਿਆ। ਉਨ੍ਹਾਂ ਪਾਸੋਂ ਦੋ ਸਟੇਨ ਕਾਰਬਾਈਨਾਂ, ਦੋ ਰਫਲਾਂ, ਦੋ ਪਿਸਤੌਲ ਅਤੇ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਹੋਇਆ। ਇਸ ਤੋਂ ਇਲਾਵਾ ਵਾਰਦਾਤ ਲਈ ਵਰਤੀ ਗਈ ਜੀਪ ਨੰਬਰ ਪੀ. ਯੂ. ਈ. 4791 ਵੀ ਬਰਾਮਦ ਹੋਈ। ਮਿ: ਰਿਬੇਰੋ ਨੇ ਦੱਸਿਆ ਕਿ ਫੜੇ ਗਏ ਦਹਿਸ਼ਤਪਸੰਦਾਂ ਦੇ ਨਾਂ ਗੁਰਮੁਖ ਸਿੰਘ ਪਿੰਡ ਰਾਵਲ ਥਾਣਾ ਸ਼ਾਹਕੋਟ, ਰਛਪਾਲ ਸਿੰਘ ਠਰੂ ਥਾਣਾ ਤਰਨਤਾਰਨ, ਤੇ ਗੁਰਮੀਤ ਸਿੰਘ ਪਿੰਡ ਮਰਾਕੀ ਕਲਾਂ ਹਨ। ਪੁਲੀਸ ਦੇ ਜਾਲ ਵਿਚੋਂ ਬਚ ਨਿਕਲਣ ਵਾਲਿਆਂ ਵਿਚ ਇਲਾਕੇ ਦੇ ਦਹਿਸ਼ਤਪਸੰਦ ਟੋਲੇ ਦਾ ਆਗੂ ਮਨਬੀਰ ਸਿੰਘ ਉਰਫ ਹਰੀ ਸਿੰਘ ਪਿੰਡ ਹੇੜ੍ਹ ਵੀ ਸ਼ਾਮਲ ਹੈ। ਪੁਲੀਸ ਮੁਖੀ ਨੇ ਦੱਸਿਆ ਕਿ ਫੜਿਆ ਗਿਆ ਗੁਰਮੁਖ ਸਿੰਘ ਸੰਯੁਕਤ ਅਕਾਲੀ ਦਲ ਦੇ ਨੇਤਾ ਗਿਆਨੀ ਰੌਸ਼ਨ ਸਿੰਘ ਦਾ ਲੜਕਾ ਹੈ।

ਉਨ੍ਹਾਂ ਦੱਸਿਆ ਕਿ ਪਿੰਡ ਰਾਵਲ ਸਥਿਤ ਦਹਿਸ਼ਤਪਸੰਦਾਂ ਦੇ ਇਕ ਖੁਫੀਆ ਅੱਡੇ 'ਤੇ ਵੀ ਛਾਪਾ ਮਾਰਿਆ ਗਿਆ ਜਿਥੋਂ ਭਾਰੀ ਮਾਤਰਾ ਵਿਚ ਅਸਲਾ ਫੜਿਆ ਗਿਆ। ਇਹ ਸਥਾਨ ਵੀ ਗਿਆਨੀ ਰੌਸ਼ਨ ਸਿੰਘ ਦਾ ਹੈ। ਇਸ ਸਥਾਨ ਤੋਂ 303 ਦੇ 232 ਕਾਰਤੂਸ, 9 ਮਿ. ਮੀ. ਦੇ 125 ਕਾਰਤੂਸ, 410 ਦੇ 25 ਕਾਰਤੂਸ .38 ਦੇ 21 ਅਤੇ .455 ਦੇ ਦੋ ਕਾਰਤੂਸ ਬਰਾਮਦ ਹੋਏ।

ਫੜੀ ਗਈ ਜੀਪ ਅੰਮ੍ਰਿਤਸਰ ਜ਼ਿਲੇ ਵਿਚ ਫਤਹਿਗੜ੍ਹ ਸ਼ੁਕਰਚੱਕੀਆ ਦੇ ਧੀਰ ਸਿੰਘ ਦੇ ਨਾਮ ਤੇ ਰਜਿਸਟਰਡ ਹੈ। ਘਟਨਾਵਾਂ ਦਾ ਵੇਰਵਾ ਦਿੰਦੇ ਹੋਏ ਮਿ. ਰਿਬੇਰੋ ਨੇ ਦੱਸਿਆ ਕਿ ਗੋਲੀ ਕਾਂਡ ਦੇ ਤੁਰਤ ਪਿਛੋਂ ਕਿਸੇ ਨੇ ਨਕੋਦਰ ਥਾਣੇ ਨੂੰ ਫੋਨ ਕਰ ਦਿਤਾ ਜਿਸ 'ਤੇ ਥਾਣੇਦਾਰ ਸੁਰਜੀਤ ਸਿੰਘ ਪੁਲੀਸ ਟੁਕੜੀ ਲੈ ਕੇ ਘਟਨਾ ਸਥਾਨ ਵਲ ਰਵਾਨਾ ਹੋ ਗਿਆ। ਇਸਪੈਕਟਰ ਸੁਰਜੀਤ ਸਿੰਘ ਜੀਪ ਦਾ ਖੁਰਾ ਨੱਪਦਾ ਮਲਸੀਆਂ-ਲੋਹੀਆਂ ਜਾ ਪੁੱਜਿਆ। ਇਲਾਕੇ ਵਿਚ ਵੱਡੀ ਪੱਧਰ ਤੇ ਤਲਾਸ਼ੀ ਦੌਰਾਨ ਪੁਲੀਸ ਟੁਕੜੀ ਗਿਆਨੀ ਰੌਸ਼ਨ ਸਿੰਘ ਦੇ ਫਾਰਮ 'ਤੇ ਜਾ ਪੁਜੀ ਜਿਥੇ ਦਹਿਸ਼ਤਪਸੰਦ ਬੈਠੇ ਸਨ। ਪੁਲੀਸ ਨੂੰ ਵੇਖਦਿਆਂ ਹੀ ਉਨ੍ਹਾਂ ਗੋਲੀ ਚਲਾਈ ਜਿਸ 'ਤੇ ਦੁਵੱਲੀ ਫਾਇਰਿੰਗ ਹੋਈ ਪ੍ਰੰਤੂ ਕੋਈ ਜ਼ਖਮੀ ਨਹੀਂ ਹੋਇਆ। ਤਿੰਨ ਦਹਿਸ਼ਤਪਸੰਦ ਫੜੇ ਗਏ। ਬਾਕੀ ਭਜਣ ਵਿਚ ਸਫਲ ਹੋ ਗਏ।

ਮਿ. ਰਿਬੇਰੋ ਨੇ ਦੱਸਿਆ ਕਿ ਮੁਢਲੀ ਪੁੱਛਗਿੱਛ ਦੌਰਾਨ ਇਨ੍ਹਾਂ ਨਕੋਦਰ ਲਾਗੇ ਦੇ ਪਿੰਡਾਂ ਵਿਚ ਗੋਲੀ ਕਾਂਡ ਵਿਚ ਸ਼ਾਮਲ ਹੋਣ ਦੀ ਗੱਲ ਮੰਨ ਲਈ ਹੈ। ਇਸ ਤੋਂ ਇਲਾਵਾ ਇਨ੍ਹਾਂ ਕ ਪੁਰਥਲਾ ਗੋਲੀ ਕਾਂਡ ਵਿਚ ਆਪਣਾ ਹੱਥ ਵੀ ਮੰਨ ਲਿਆ। ਇਸ ਗੋਲੀ ਕਾਂਡ ਵਿਚ 9 ਬੰਦੇ ਮਾਰੇ ਗਏ ਸਨ ਜਦਕਿ ਸ਼੍ਰੋਮਣੀ ਕਮੇਟੀ ਦੇ ਕਾਇਮ ਮੁਕਾਮ ਪ੍ਰਧਾਨ ਸ. ਕਾਬਲ ਸਿੰਘ ਸਮੇਤ ਤੇਰਾਂ ਬੰਦੇ ਜ਼ਖਮੀ ਹੋਏ ਸਨ।

### ਸਾਰਾ ਅਸਲਾ ਪੁਲੀਸ ਦਾ

ਮਿ. ਰਿਬੇਰੋ ਨੇ ਦੱਸਿਆ ਕਿ ਫੜੇ ਗਏ ਹਥਿਆਰ ਅਤੇ ਸਾਰਾ ਅਸਲਾ ਪੁਲੀਸ ਦਾ ਹੈ ਜੋ ਕਿ ਖੋਹਿਆ ਗਿਆ ਹੈ ਜਾਂ ਅਸਲੇ ਖਾਨਿਆਂ ਵਿਚੋਂ ਲੁੱਟਿਆ ਗਿਆ ਹੈ। ਫੜੇ ਗਏ ਬੰਦਿਆਂ ਨੇ ਆਪਣੇ ਸਾਥੀਆਂ ਦੇ ਨਾਮ ਦਸ ਦਿਤੇ ਹਨ ਅਤੇ ਇਨ੍ਹਾਂ ਦੀ ਵੱਡੀ ਪੱਧਰ ਤੇ ਤਲਾਸ਼ ਸ਼ੁਰੂ ਕਰ ਦਿਤੀ ਗਈ ਹੈ। ਉਨ੍ਹਾਂ ਪੁਲੀਸ ਦੀ ਇਸ ਸਫਲਤਾ ਦੀ ਭਰਪੂਰ ਸਰਾਹਨਾ ਕੀਤੀ ਤੇ ਆਸ ਪ੍ਰਗਟ ਕੀਤੀ ਕਿ ਦਹਿਸ਼ਤਪਸੰਦਾਂ ਦੇ ਬਾਕੀ ਟੋਲੇ ਵੀ ਛੇਤੀ ਹੀ ਖਤਮ ਕਰ ਦਿਤੇ ਜਾਣਗੇ।

# ਸ੍ਰੀਮਤੀ ਗੁਰਮੇਲ ਕੌਰ ਵਾਲੀਆ ਨਮਿਤ ਅੰਤਮ ਅਰਦਾਸ



ਸ: ਕਿਸ਼ਨ ਸਿੰਘ ਵਾਲੀਆ ਦੀ ਸੁਪਤਨੀ ਸ੍ਰੀਮਤੀ ਗੁਰਮੇਲ ਕੌਰ ਵਾਲੀਆ 3 ਅਪ੍ਰੈਲ 1986 ਨੂੰ ਪਰਲੋਕ ਸਿਧਾਰ ਗਏ ਹਨ।

ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਅਤੇ ਭੋਗ 13 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਦੋ ਵਜੇ ਅਕਾਲੀ ਸਿੰਘ ਗੁਰੂ ਘਰ (ਜੋ ਸਕੀਨਾ ਤੇ ਸਥਿਤ ਹੈ) ਵਿਖੇ ਪਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ : 325-5494 ; 325-0286

'ਕੈਨੇਡਾ ਦਰਪਣ' ਵਾਲੀਆ ਪਰਵਾਰ ਦੇ ਇਸ ਦੁੱਖ ਸਮੇਂ ਉਨ੍ਹਾਂ ਨਾਲ ਸ਼ਰੀਕ ਹੈ ਅਤੇ ਪ੍ਰਮਾਤਮਾ ਪਾਸ ਅਰਦਾਸ ਹੈ ਕਿ ਪ੍ਰਮਾਤਮਾ ਸ੍ਰੀਮਤੀ ਗੁਰਮੇਲ ਕੌਰ ਵਾਲੀਆ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਪੰਜਾਬ ਪੁਲੀਸ ਨੇ ਸਖਤੀ ਦਿਖਾਈ

## 200 ਹਿੰਦੂ ਰੈਡੀਕਲ ਅਤੇ 400 ਸਿਖ-ਅਤਿਵਾਦੀ ਗ੍ਰਿਫਤਾਰ

ਲੁਧਿਆਣਾ — ਪੰਜਾਬ ਪੁਲੀਸ ਨੇ ਕਲ ਇਕ ਮੰਦਰ ਵਿਚ ਮਾਰੇ ਛਾਪੇ ਨਾਲ 200 ਹਿੰਦੂਆਂ ਦੀ ਗ੍ਰਿਫਤਾਰੀ ਕੀਤੀ। ਇਸ ਖੂਨੀ ਝੜਪ ਵਿਚ ਲਗਭਗ 85 ਬੰਦੇ ਜ਼ਖਮੀ ਹੋਏ। ਇਹ ਛਾਪਾ ਲੁਧਿਆਣੇ ਵਿਚ ਮਾਰਿਆ ਗਿਆ ਇਸ ਛਾਪੇ ਦਾ ਮਨੋਰਥ ਹਿੰਦੂਆਂ ਸਿੱਖਾਂ ਵਿਚ ਇਕ ਸੰਭਾਵਿਤ ਟੱਕਰ ਨੂੰ ਰੋਕਣਾਂ ਸੀ। ਪੰਜਾਬ ਪੁਲੀਸ ਨੇ ਸਾਰੇ ਪੰਜਾਬ ਵਿਚ ਲਗਭਗ 400 ਅਤਿਵਾਦੀ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਪਿਛਲੇ ਦੋ ਦਿਨਾਂ ਵਿਚ। ਇਸ ਮਹੀਨੇ ਵਿਚ 25 ਵਿਅਕਤੀ ਮਾਰੇ ਜਾ ਚੁਕੇ ਹਨ ਅਤਿਵਾਦੀ ਕਾਰਵਾਈਆਂ ਨਾਲ। ਯਾਦ ਰਹੇ ਕਿ ਪਿਛਲੇ ਦਿਨੀ ਸਿੱਖ ਅਤਿਵਾਦੀਆਂ ਨੇ ਲੁਧਿਆਣੇ ਵਿਚ ਹਿੰਦੂ ਸਾਸ਼ਤਰਧਾਰੀ ਦੀ ਇਕ ਪਰੇਡ ਕਰ ਰਹੀ ਟੁਕੜੀ ਤੇ ਹਮਲਾ ਕੀਤਾ ਸੀ ਜਿਸ ਨਾਲ ਦਸ ਹਿੰਦੂ ਮਾਰੇ ਗਏ ਸਨ। ਹਿੰਦੂ ਸ਼ਿਵ ਸੈਨਾ ਦੇ ਲੀਡਰ ਤਾਂਗੜੀ ਦੇ ਮੁਖ ਦਫਤਰ ਤੇ ਛਾਪਾ ਮਾਰਿਆ ਅਤੇ ਜਗਦੀਸ਼ ਤਾਂਗੜੀ ਜੋ 55 ਸਾਲਾਂ ਦਾ ਹੈ ਨੂੰ ਗ੍ਰਿਫਤਾਰ ਕੀਤਾ। ਪੰਜਾਬ ਪੁਲੀਸ ਦੇ ਇਕ ਬਿਆਨ ਅਨੁਸਾਰ ਇਕ ਅਤਿਵਾਦੀ ਸਿਖ ਜਿਹਨਾਂ ਜਲੰਧਰ ਅਦਾਲਤ ਵਿਚ ਛੇ ਪੁਲੀਸ ਵਾਲਿਆਂ ਦਾ ਕਤਲ ਕੀਤਾ ਸੀ ਨੂੰ ਗ੍ਰਿਫਤਾਰ ਕਰ ਲਿਆ। ਇਹ ਸਭ ਗ੍ਰਿਫਤਾਰੀਆਂ ਵੈਸਾਖੀ ਤਿਉਹਾਰ ਵਿਚ ਕਿਸੇ ਤਰ੍ਹਾਂ ਦੀਆਂ ਹਿੰਸਾਤਮਕ ਘਟਨਾਵਾਂ ਨੂੰ ਰੋਕਣ ਲਈ ਕੀਤੀਆਂ ਗਈਆਂ।


**D. P. Pandia & Associates**
**Immigration Consultants**
**Serving the Community Since 1939**

Jitendra Desai — D. P.Pandia

**Ph. (604)684-3716**

#61 - 553 Granville St. Vancouver, B.C.

ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।

# BOMBAY SWEETS
## MANUFACTURER INC.

# ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼
## ਵਲੋਂ

# ਵਿਸਾਖੀ ਦੀ
## ਸਮੂੰਹ ਸਿਖ ਸੰਗਤਾਂ ਨੂੰ
## ਲੱਖ ਲੱਖ ਵਧਾਈ ਹੋਵੇ!

ਹਰ ਸਾਲ ਦੀ ਤਰ੍ਹਾਂ ਇਸ ਸਾਲ ਫਿਰ

## ਬੰਬੇ ਸਵੀਟ ਤੇ ਮਠਿਆਈ ਬਾਜ਼ਾਰ ਸਜਣਗੇ

ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦੀ ਦੁਕਾਨ:

# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਬੇਸਣ, ਮੇਸੂ, ਪਤੀਸਾ, ਬਰਫੀ, ਗਾਜਰ ਪਾਕ, ਲੱਡੂ ਮੋਤੀਚੂਰ, ਪੇਠਾ, ਗੁਲਾਬ ਜਾਮਨ, ਰਸਗੁੱਲਾ, ਬਦਾਨਾ, ਜਲੇਬੀਆਂ, ਅੰਮਰਤੀਆਂ, ਸ਼ਕਰਪਾਰੇ, ਰਸਭਰੀ, ਖੋਏ ਦੀ ਬਰਫੀ, ਕੋਕੋਨਟ ਦੀ ਬਰਫੀ, ਚਾਕਲੇਟ ਦੀ ਬਰਫੀ, ਪਿਸਤੇ ਦੀ ਬਰਫੀ, ਕਾਜੂ ਦੀ ਬਰਫੀ, ਬਦਾਮਾਂ ਦੀ ਬਰਫੀ, ਚਮ ਚਮ, ਮਿਲਕ ਕੇਕ, (ਤੁਸੀਂ ਪਾਰਟੀਆਂ ਲਈ ਵੀ ਆਰਡਰ ਦੇ ਸਕਦੇ ਹੋ) (ਖੋਏ ਦਾ ਮਿਲਕ ਕੇਕ, ਜੋਕਿ ਤੁਸੀਂ ਪਾਰਟੀਆਂ ਲਈ ਵੀ ਲੈ ਸਕਦੇ ਹੋ) ਨਮਕੀਨ :- ਭੁਜੀਆ, ਮੋਗੋ ਚਿਪਸ ਤੇ ਹੋਰ ਕਈ ਸਨੈਕ ਹਰ ਸਮੇਂ ਮਿਲਣਗੇ!

**ਗਾਜਰ ਹਲਵਾ ਆਪ ਮੰਗ ਕੇ ਟੇਸਟ ਕਰੋ!**

**6556-6560 Main St., Vancouver**
**PH: 321-1414 or 874-5722**

ਰੋਇਲ ਫਰਨੀਚਰ ਵਲੋਂ ਸਮੂੰਹ ਜਗਤ ਨੂੰ ਖਾਲਸੇ ਦੇ ਜਨਮ ਉਤਸਵ ਦੀ ਲੱਖ ਲੱਖ ਵਧਾਈ ਹੋਵੇ!

# SAVE SPRING FEVER SALE SAVE

## THURSDAY 10-9 FRIDAY 10-9 SATURDAY 10-6 SUNDAY 12-5

### 2-PCE. SECTIONAL



SALE PRICE

Harem cushion styling in your choice of 5 modern nylon fabrics. Royal's discount price $999.00.

$389.95



### 5 PCE. KITCHEN SET

5 Pc. Set

TABLE: 36"x48", Solid Top, Butcher Block
CHAIR: Desert Sand
PACKED: 2 cartons, 14 cubic feet

$129.95



SOFA, CHAIR & MATCHING LOVE SEAT IN YOUR CHOICE OF 5 MODERN NYLON FABRICS. ROYAL'S REG. PRICE $898
SALE PRICE ......

$499.95



### STUDENT DESK

PECAN OR OAK FINISH.
ROYAL'S REG. PRICE $99.00

SALE PRICE ......

$59.95

### TV & VCR STAND

Teak or Pecan finish. Measures 18"x25"x34" high on castors. Comes unassembled. Royal's discount price is $99.00

SALE PRICE

$49.95



### ENTERTAINMENT CENTRE

Oak or Pecan finish, Room for TV & stereo with lighted glass display and bar. Royal's discount price $799.

SALE PRICE

$349.95



### 39" MATTRESS & BASE

$119.95

### 54" MATTRESS & BASE

$159.95

### SOLID PINE BEDROOM SUITE

FROM $449.95

ਦੇਖਣ ਦਾ ਕੋਈ ਮੁੱਲ ਨਹੀਂ, ਗੇੜਾ ਮਾਰਨਾ ਵਿਅਰਥ ਨਹੀਂ ਜਾਵੇਗਾ



*YES, THE STYLE THAT HAS TAKEN THE CITY BY STORM IS NOW AVAILABLE IN A WIDE RANGE OF FABRICS.* ROYAL DISCOUNT PRICE $1895.00

SALE PRICE $999.00

## PLUS 100'S AND 100'S OF OTHER IN STORE SPECIALS!

LOWEST PRICES GUARANTEED

# ROYAL FURNITURE LTD.

2607 MAIN STREET (at 10th. AVE.), VANCOUVER, B.C.

VISA

MasterCard

TEL. 874-9525

MASTER CARD VISA ACCEPTED

# ਭੰਡਾਲ ਡਰਾਈਵਾਲ ਲਿ:
# ਵੈਨਕੂਵਰ, ਬੀ. ਸੀ.

ਵਲੋਂ

## ਸੰਗਤਾਂ ਨੂੰ

## ਵਿਸਾਖੀ ਦੀ ਸਭ ਨੂੰ ਲੱਖ ਲੱਖ ਵਧਾਈ ਹੋਵੇ

# ਲੱਖ ਲੱਖ ਵਧਾਈ ਹੋਵੇ

**President**



**Jarnail S. Bhandal** M.A.

**ਕੁੱਝ ਮਹੱਤਵ ਪੂਰਨ ਕੰਮ**

1. Hill Side Housing Co-op.
2. Co-op Housing
3. Station Court
4. Coquitlam Motor Inn.
5. False Creek Bld. A.
6. Hay's Mansion
7. Bonsor Ave. Apt.
8. Metro Town Place.

**ਕੰਪਨੀ ਦਾ ਨਾਂ**

Concost Management Inc.
Beta Construction Imperial Ventures Ltd.
Imperial Ventures Dominion Construction
H. Haebler Const. Ltd.
Polygon Properties.

**ਪ੍ਰਮਾਤਮਾ ਦੇ ਉਦਮ ਨਾਲ**

1. ਨਾਨਕਸਰ ਗੁਰੂ ਘਰ ਰਿਚਮੰਡ ਦੀ ਸੇਵਾ
2. ਗੁਰੂ ਘਰ ਸਕੈਮਸ਼ ਦੀ ਸੇਵਾ

**Vice President**
**Karnail S. Bhandal**

# BHANDAL DRYWALL LTD.

**3397 Kingsway, Vancouver, B.C.**

**Ph. 430-5011**

# ਦਾੜ੍ਹੀ ਵਾਲੇ ਬਾਬੇ ਦੀਆਂ ਅਣਦਾੜ੍ਹੀਆਂ ਗੱਲਾਂ

—ਤਾਰਾ ਸਿੰਘ—

ਮੈਂ ਇਕ ਉੱਘੀ ਪੰਜਾਬੀ ਕਾਵਿਤ੍ਰੀ ਨੂੰ ਮਿਲਣਾ ਸੀ। ਦੇਵਿੰਦਰ ਸਤਿਆਰਥੀ ਨੇ ਪੁੱਛਿਆ — "ਤਾਰਾ ਸਿੰਘ ਜ਼ੀ ! ਕਿੱਥੇ ਜਾ ਰਹੇ ਹੋ ?"

"ਫਲਾਣੀ .... ਲੇਖਕਾ ਨੂੰ ਮਿਲਣ ਜਾ ਰਿਹਾਂ।" ਮੈਂ ਦੱਸਿਆ।

"ਅੱਛਾ ਜੀ।" ਸਤਿਆਰਥੀ ਨੇ ਠੰਡੀ ਆਹ ਭਰ ਕੇ ਕਿਹਾ, "ਫੇਰ ਮੇਰਾ ਇਕ ਕੰਮ ਕਰਕੇ ਆਣਾ ਤੁਸੀਂ।"

"ਦੱਸੋ ?"

"ਬੱਸ, ਜਦੋਂ ਤੁਸੀਂ ਉਨ੍ਹਾਂ ਦੇ ਨਜ਼ਦੀਕ ਪਹੁੰਚ ਜਾਓ ਤਾਂ ਥੋੜ੍ਹੀ ਜਿਹੀ ਵਿੱਥ ਰੱਖ ਕੇ ਮੇਰਾ ਵੀ ਸਲਾਮ ਕਹਿ ਦੇਣਾ।"'

"ਪਰ ਥੋੜ੍ਹੀ ਜਿਹੀ ਵਿੱਥ ਕਿਉਂ ?"

ਮੈਂ ਪੁੱਛਿਆ।

"ਉਨ੍ਹਾਂ ਨੂੰ ਥੋੜ੍ਹੀ ਜਿਹੀ ਵਿੱਥ ਬਹੁਤ ਜ਼ਿਆਦਾ ਪਸੰਦ ਹੈ।" ਉਹ ਆਪਣੀਆਂ ਮੁੱਛਾਂ ਹੇਠਾਂ ਖਚਰੀ ਜਿਹੀ ਹਾਸੀ ਹੱਸ ਰਿਹਾ ਸੀ ਪਰ ਉਸ ਦੀ ਦਾੜ੍ਹੀ ਗੰਭੀਰ ਸੀ।

ਉਦੋਂ ਮੇਰਾ ਖਿਆਲ ਸੀ ਕਿ ਮੈਂ ਹੀ ਦੇਵਿੰਦਰ ਸਤਿਆਰਥੀ ਦਾ ਇਕ 'ਉੱਘਾ ਸਰੋਤਾ' ਹਾਂ। ਪਿੱਛੋਂ ਜਾ ਕੇ ਪਤਾ ਲੱਗਾ ਕਿ ਉਸ ਦੇ ਉੱਘੇ ਸਰੋਤਿਆਂ ਦਾ ਕੋਈ ਅੰਤ ਹੀ ਨਹੀਂ। ਮੇਰਾ ਮਾਣ ਟੁੱਟ ਗਿਆ।

ਸਤਿਆਰਥੀ ਕਿਸੇ ਨੂੰ ਵੀ ਸਰੋਤਾ ਬਣਾ ਲੈਂਦਾ ਹੈ। ਜੇ ਬੰਦਾ ਹੱਥ ਨਾ ਆਵੇ ਤਾਂ ਰੁੱਖ ਨੂੰ ਹੀ ਕਵਿਤਾ ਸੁਣਾ ਦੇਵੇਗਾ। ਉਹ ਦੇ ਜਾਣਕਾਰ ਹਲਕਿਆਂ ਵਿਚ ਹਰ ਕੋਈ ਇਹੋ ਦਾਅਵਾ ਕਰਦਾ ਹੈ ਕਿ ਸਤਿਆਰਥੀ ਦੀ ਨਵੀਂ ਰਚਨਾ ਸਾਰੀ ਦੀ ਸਾਰੀ ਉਸ ਨੇ ਹੀ ਉਸ ਨੂੰ ਲਿਖਵਾਈ ਹੈ। ਅਜਿਹਾ ਸੱਜਣ ਜਦੋਂ ਹਫਤੇ ਬਾਅਦ ਇਸ ਰਚਨਾ ਦੇ ਖਰੜੇ ਉਪਰ ਬੇਸ਼ੁਮਾਰ ਕਾਗਜ਼ੀ ਚੇਪੀਆਂ ਦੀ ਮੋਟੀ ਤਹਿ ਚੜ੍ਹੀ ਦੇਖਦਾ ਹੈ ਤਾਂ ਉਸ ਦੀ ਲਿਖਵਾਈ ਕਾਪੀ ਗਰਭਵਤੀ ਜਿਹੀ ਦਿਸੇਗੀ। ਹੁੰਦਾ ਇਹ ਹੈ ਕਿ ਹੁਣ ਤੱਕ ਉਸ ਦੀ ਪਹਿਲੀ ਰਚਨਾ ਸਾਰਾ ਸ਼ਹਿਰ ਘੁੰਮ ਚੁੱਕਦੀ ਹੈ। ਤੇ ਇਸ ਪ੍ਰਕਾਰ ਘੁੰਮਦੀ ਦੇ ਪੇਟ ਉਤੇ ਹੋਰਨਾਂ ਦੀਆਂ ਰਾਵਾਂ ਚੜ੍ਹ ਚੁੱਕਦੀਆਂ ਹਨ। ਏਸ ਪੜਾਅ ਉਤੇ ਤੁਸੀਂ ਉਸ ਨੂੰ ਉਹਦੇ ਲਾਇਬਰੇਰੀ ਨੁਮਾ ਕਮਰੇ ਵਿਚ ਜਾਂ ਨਵਾਂਯੁਗ ਪ੍ਰੈਸ ਦੇ ਕਿਤਾਬਾਂ ਵਾਲੇ ਗੁਦਾਮ ਅੰਦਰ ਇਸ ਕਹਾਣੀ ਦਾ ਉਤਾਰਾ ਕਰਕੇ ਫੜ ਸਕਦੇ ਹੋ।

ਨਵਾਂ ਉਤਾਰਾ ਕਰਨ ਤੋਂ ਪਿੱਛੋਂ ਉਹ ਆਪਣੇ ਲੰਮੇ ਸਿਲਕੀ ਕੋਟ ਵਿਚੋਂ ਨਿਕਲ ਕੇ ਬਾਹਰ ਆ ਜਾਂਦਾ ਹੈ ਤੇ ਯਕਦਮ ਹਮਲਾ ਕਰਦਾ ਹੈ, "ਤਾਰਾ ਸਿੰਘ ਜੀ, ਮੈਂ ਤੁਹਾਡਾ ਡੇਢ ਕੁ ਮਿੰਟ ਲਵਾਂਗਾ।" ਉਹ "ਲਵਾਂਗਾ" ਆਖਦੇ ਸਾਰ ਹੀ ਮਿੰਟ ਲੈਣੇ ਸ਼ੁਰੂ ਕਰ ਦਿੰਦਾ ਹੈ। ਇਹ ਮਿੰਟ ਸੱਠੋਂ ਸੱਠ ਕਰਕੇ ਅਸਾਨੀ ਨਾਲ ਘੰਟੇ, ਦਿਨ, ਹਫਤੇ, ਮਹੀਨੇ, ਸਾਲ ਅਤੇ ਪੂਰੀ ਉਮਰ ਵੀ ਬਣ ਸਕਦੇ ਹਨ ਤੇ ਇਹ ਗੱਲ ਸਤਿਆਰਥੀ ਦੇ ਉਹੀਓ ਮਿੱਤਰ ਜਾਣਦੇ ਹਨ ਜਿਨ੍ਹਾਂ ਨੇ ਸਤਿਆਰਥੀ ਨੂੰ ਇਹ ਮਿੰਟ ਦਾਨ ਕੀਤੇ ਹਨ।

ਮੈਂ ਪਹਿਲੀ ਵਾਰ ਦੇਵਿੰਦਰ ਸਤਿਆਰਥੀ ਨੂੰ 1949 ਵਿਚ ਪਹਾੜ ਗੰਜ ਬਰਕਤ ਰਾਮ "ਬਰਕਤ" ਦੇ ਘਰ ਸੋਫੇ ਉਪਰ ਬੈਠਿਆਂ ਦੇਖਿਆ ਸੀ। ਉਸ ਦੀ ਦਾੜ੍ਹੀ ਕਾਲੀ ਸੀ। ਪਜਾਮਾ ਤੇ ਲੰਮਾ ਕੋਟ ਪਹਿਨਿਆ ਹੋਇਆ ਸੀ ਅਤੇ ਗਲੇ ਵਿਚ ਕੋਡਕ ਦਾ ਕੈਮਰਾ ਸੀ। ਉਸ ਦੇ ਅੱਗੇ ਕਿਸ਼-ਮਿਸ਼ ਤੇ ਕਾਜੂ ਰੱਖੇ ਹੋਏ। ਜਦੋਂ ਕਾਜੂ ਖਤਮ ਹੋ ਗਏ ਤਾਂ ਉਹ ਮਹੀਨ ਅਵਾਜ਼ ਵਿਚ ਬੋਲਿਆ, "ਮਾਫ ਕਰਨਾ ਇਹ ਕਾਜੂ ਹੋਰ ਮੰਗਵਾ ਲਓ" ਤੇ ਜਦੋਂ ਕਿਸ਼-ਮਿਸ਼ ਖਤਮ ਹੋਈ ਤਾਂ ਉਸੇ ਅਵਾਜ਼ ਵਿਚ ਕਿਸ਼-ਮਿਸ਼ ਮੰਗਵਾ ਲਈ।

ਮੈਨੂੰ ਉਸ ਦੀ ਸੁਆਦ ਅਧੀਨਤਾ ਭਾ ਗਈ। ਹਿੰਦੀ "ਆਜ ਕਲ" ਦਾ ਉਹ ਸੰਪਾਦਕ ਸੀ ਤੇ ਇਨ੍ਹਾਂ ਦਿਨਾਂ ਵਿਚ ਉਸ ਵਿਚ ਫੂੰ ਫਾਂ ਵੀ ਕਾਫੀ ਆ ਗਈ ਸੀ।

ਫੇਰ ਮੈਂ ਉਸ ਨੂੰ ਸੇਵਾ ਮੁਕਤ ਹੋ ਕੇ ਸੜਕਾਂ ਤੇ ਘੁੰਮਦਿਆਂ ਵੀ ਤੱਕਿਆ। ਬਲਕਿ ਉਹ ਹਾਲੀ ਤੱਕ ਘੁੰਮੀ ਜਾਂਦਾ ਹੈ।

ਇੰਡੋ ਚਾਇਨਾ ਰਾਈਟਰਜ ਕਾਨਫਰੰਸ ਵਿਚ "ਹਿੰਦੀ ਚੀਨੀ ਭਾਈ ਭਾਈ" ਦੇ ਨਾਅਰਿਆਂ ਦੇ ਦਿਨ ਸਨ ਜਦੋਂ ਮੈਂ ਤੇ ਦੇਵਿੰਦਰ ਸਤਿਆਰਥੀ ਅਸਲ ਰੂਪ ਵਿਚ "ਭਾਈ ਭਾਈ" ਬਣੇ। ਸਾਨੂੰ ਦੋਹਾਂ ਨੂੰ ਸਾਹਿਤਕ ਬਹਿਸਾਂ ਵਿਚ ਕੋਈ ਦਿਲਚਸਪੀ ਨਹੀਂ ਸੀ, ਕਿਉਂਕਿ ਇਹ ਰਾਜਨੀਤੀ ਦੇ ਰੰਗ ਨਾਲ ਬਦਰੰਗ ਹੋ ਚੁੱਕੀਆਂ ਸਨ। ਚੀਨ ਤੋਂ ਦੋ-ਭਾਸ਼ੀ ਕੁੜੀਆਂ ਆਈਆਂ ਹੋਈਆਂ ਸਨ, ਜੋ ਸੁੰਦਰ, ਸਡੌਲ ਤੇ ਨੌਜਵਾਨ ਵੀ ਸਨ। ਉਨ੍ਹਾਂ ਦੇ ਪਿੱਛੇ ਤੁਰਦਿਆਂ ਬਣੀ ਸਾਡੀ ਦੋਸਤੀ ਅੱਜ ਤੱਕ ਜਾਰੀ ਹੈ।



ਨਵੀਂ ਦਿੱਲੀ ਵਿਚ ਜਿੰਮਬਾਵੇਂ ਨਿਵਾਸੀ ਸ਼ਾਇਰ ਇਕਬਾਲ ਅਰਪਨ, ਪ੍ਰਸਿੱਧ ਪੰਜਾਬੀ ਲੇਖਕ ਦੇਵਿੰਦਰ ਸਤਿਆਰਥੀ, 'ਕੈਨੇਡਾ ਦਰਪਣ' ਦੇ ਸੰਪਾਦਕ ਦਰਸ਼ਨ ਗਿੱਲ ਅਤੇ ਕਹਾਣੀ ਲੇਖਕ ਜੁਗਿੰਦਰ ਅਮਰ

ਦੇਵਿੰਦਰ ਸਤਿਆਰਥੀ ਸਮਕਾਲੀ ਪੰਜਾਬੀ ਲੇਖਕਾਂ ਵਿਚੋਂ ਇਕ ਅਜਿਹਾ ਲੇਖਕ ਹੈ ਜਿਸ ਦੀ ਰਚਨਾ ਵਿਚ ਹਿੰਦੂ ਫਿਲਾਸਫੀ, ਅਨੁਭਵ, ਇਤਿਹਾਸ ਮਿਥਿਹਾਸ ਦੇ ਪਾਤਰ ਮਿਲਦੇ ਹਨ।

ਕਿੰਨੀ ਦੁਰਭਾਗ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਕੇਵਲ ਇਕ ਫਿਰਕੇ (ਸਿੱਖ) ਦੀਆਂ ਭਾਵਨਾਵਾਂ, ਅਕਾਂਖਸ਼ਾਵਾਂ, ਅਨੁਭਵਾਂ, ਇਤਿਹਾਸ ਤੇ ਪਾਤਰਾਂ ਦਾ ਸਾਹਿਤ ਬਣਦਾ ਜਾ ਰਿਹਾ ਹੈ। ਇਹ ਸ਼ਾਇਦ ਇਸ ਲਈ ਹੋਇਆ ਕਿ ਪੰਜਾਬ ਦੇ ਹਿੰਦੂ ਪੰਜਾਬੀਆਂ ਨੇ ਪੰਜਾਬੀ ਵਲੋਂ ਮੂੰਖ ਮੋੜ ਲਿਆ ਹੈ। ਸਤਿਆਰਥੀ ਦੀ ਸਾਹਿਤਧਾਰਾ ਲੋਕ ਗੀਤਾਂ ਵਿਚੋਂ ਨਿਕਲ ਕੇ ਵੇਦਾਂ, ਪੁਰਾਣਾਂ ਤੱਕ ਜਾਂਦੀ ਹੈ। ਇਹ ਉਸ ਦੀ ਪੰਜਾਬੀ ਨੂੰ ਬਹੁਤ ਵੱਡੀ ਦੇਣ ਹੈ ਤੇ ਉਹ ਇਸ ਵਿਚ ਸਫਲ ਵੀ ਹੈ।

********

ਦੇਵਿੰਦਰ ਸਤਿਆਰਥੀ ਬਾਰੇ ਅਨੇਕਾਂ ਲਤੀਫੇ ਹਨ। ਏਨੇ ਕਿ ਇਕ ਗ੍ਰੰਥ ਬਣ ਜਾਵੇ। ਉਹ ਸਖਤ ਤੋਂ ਸਖਤ ਆਲੋਚਨਾ ਸੁਣ ਕੇ ਵੀ ਹੱਸ ਛੱਡਦਾ ਹੈ। ਇਕ ਵਾਰ ਸਤਿਆਰਥੀ ਸਵੇਰੇ ਉਠਿਆ। ਉਸ ਦੀ ਪਤਨੀ ਨੇ ਉਸ ਨੂੰ ਕੌਲਾ ਫੜਾਉਂਦਿਆਂ ਕਿਹਾ, "ਦਹੀਂ ਲੈ ਆਓ, ਕੁਝ ਘਰ ਦਾ ਕੰਮ ਵੀ ਕਰਿਆ ਕਰੋ।"

ਦੇਵਿੰਦਰ ਸਤਿਆਰਥੀ ਰਾਤ ਦੇਰ ਤੱਕ ਇਕੋ ਕਹਾਣੀ ਮੁੜ ਮੁੜ ਲਿਖਦਾ ਰਿਹਾ ਸੀ। ਪਤਨੀ ਦੀ ਗੱਲ ਤਾਂ ਮੰਨ ਲਈ ਪਰ ਹੈਸੀ ਉਣੀਂਦਰਾ। ਕੌਲਾ ਲੈ ਕੇ ਬਜ਼ਾਰ ਜਾਂਦਾ ਇਕ ਖੰਭੇ ਨਾਲ ਲਗ ਕੇ ਸੌਂ ਗਿਆ।

ਕਹਿੰਦੇ ਹਨ ਜਦੋਂ ਉਸ ਨੂੰ ਜਾਗ ਆਈ ਤਾਂ ਉਸ ਦਾ ਕੌਲਾ ਪੈਸਿਆਂ ਨਾਲ ਭਰਿਆ ਹੋਇਆ ਸੀ। ਜਦੋਂ ਮੈਂ ਸਤਿਆਰਥੀ ਨੂੰ ਦੱਸਿਆ ਕਿ ਉਸ ਬਾਰੇ ਇਸ ਨਵੇਂ ਲਤੀਫੇ ਦਾ ਅੱਜ ਕੱਲ੍ਹ ਇਕਤਾਲ੍ਹੀਵਾਂ ਹਫਤਾ ਚਲ ਰਿਹਾ ਹੈ ਤਾਂ ਉਹ ਬੜਾ ਹੀ ਹੱਸਿਆ। ਹੱਸੀ ਜਾਵੇ।

*********

ਦੇਵਿੰਦਰ ਸਤਿਆਰਥੀ ਦੇ ਸਮਕਾਲੀਆਂ ਨੇ ਆਪਣੀ ਅਸਾਨੀ ਲਈ ਉਸ ਨੂੰ ਜਾਂ ਤਾਂ ਫਰਾਡ ਕਿਹਾ ਹੈ, ਜਾਂ ਮਹਾਨ ਕਲਾਕਾਰ। ਪਰ ਇਹ ਉਸੇ ਤਰ੍ਹਾਂ ਹੈ ਜਿਵੇਂ ਕਿਸੇ ਬੱਚੇ ਦਾ ਕੋਈ ਵੀ ਨਾਂ ਰੱਖ ਲਿਆ ਜਾਂਦਾ ਹੈ। ਉਸ ਦੇ ਗੁਣਾਂ ਤੇ ਅਵਗੁਣਾਂ ਨਾਲ ਨਾਂ ਦਾ ਕੋਈ ਸਬੰਧ ਨਹੀਂ ਹੁੰਦਾ। ਦੇਵਿੰਦਰ ਸਤਿਆਰਥੀ ਕੀ ਕਰਦਾ ਹੈ ? ਇਹ ਤਾਂ ਸ਼ਾਇਦ ਉਸ ਤੋਂ ਤੇ ਉਸ ਦੇ ਪ੍ਰਮਾਤਮਾ ਤੋਂ ਬਿਨਾਂ ਕੋਈ ਨਹੀਂ ਜਾਣਦਾ। ਉਸ ਦੇ ਇਕ ਪੁਰਾਣੇ ਦੋਸਤ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, "ਉਹ ਆਪਣੀਆਂ ਲੰਮੀਆਂ ਲੰਮੀਆਂ ਕਹਾਣੀਆਂ ਤੇ ਨਾਵਲ ਸੁਣਾ ਸੁਣਾ ਕੇ ਸਰੋਤਿਆਂ ਦੀਆਂ ਜ਼ਿੰਦਗੀਆਂ ਤਬਾਹ ਕਰਦਾ ਹੈ।"

ਦੂਜੇ ਨੇ ਕਿਹਾ, "ਉਸ ਦੀਆਂ ਰਚਨਾਵਾਂ ਵਿਚ ਬੇਸ਼ੁਮਾਰ ਰੰਗ ਹੁੰਦੇ ਹਨ, ਪੂਰੇ ਰੰਗ, ਅੱਧੇ ਰੰਗ, ਪੌਣੇ ਰੰਗ। ਕਿਤੇ ਕਿਤੇ ਤਾਂ ਇਨ੍ਹਾਂ ਰੰਗਾਂ ਦੀਆਂ ਕੇਵਲ ਤੁਰੀਆਂ ਹੀ ਚਮਕਦੀਆਂ ਹਨ। ਇਨ੍ਹਾਂ ਰੰਗਾਂ ਦੇ ਸੁਮੇਲ ਤੇ ਵਿਛੋੜੇ ਨਾਲ ਹਜ਼ਾਰਾਂ ਅਜਿਹੇ ਰੰਗ ਬਣਦੇ ਹਨ ਜਿਨ੍ਹਾਂ ਦਾ ਕੋਈ ਨਿੱਗਰ ਰੂਪ ਨਹੀਂ ਹੁੰਦਾ ਪਰ ਸਤਿਆਰਥੀ ਇਨ੍ਹਾਂ ਦੀ ਸਿਰਜਣਾ ਕਰ ਦਿੰਦਾ ਹੈ। ਦੇਵਿੰਦਰ ਸਤਿਆਰਥੀ ਧਰਤੀ ਹੈ, ਪਹਾੜ ਹੈ, ਜੰਗਲ ਹੈ।"


**Lo-Cost Aluminum Railing (1985) Ltd.**

Specialists in Commercial & Residential Railings & Awning Frames

**Sajiv Paul**
Manager

**Ph. 276-2840 or 872-7227**

Unit K - 2420 SHELL RD.
RICHMOND, B.C.



**DO YOU NEED PLUMBING OR ELECTRICAL SUPPLIES SERVICE FOR NEW HOMES OR FOR RENOVATIONS**
**WE DO NEW HOME PLUMBING ALSO**



Contact : **PAUL'S**

**PLUMBING & ELECTRICAL SUPPLY**

Phone.
872-3118 (Supply)
872-7227 (Service)

4774 Main Street, (At 32nd.) Vancouver, B.C.

"Free customer parking at rear"

OPEN SUNDAYS

ਸਭ ਨੂੰ ਖਾਲਸੇ ਦੇ ਜਨਮ ਉਤਸਵ ਦੀ ਲੱਖ ਲੱਖ ਵਧਾਈ ਹੋਵੇ

# ISP INDIA SARI PALACE

6657 MAIN ST., VANCOUVER, B.C.
PHONE (604) 324-2565

# BAISAKHI SPECIAL SALE



ਵਿਸਾਖੀ ਦੀ ਖੁਸ਼ੀ ਵਿਚ ਇੰਡੀਆ ਸਾੜ੍ਹੀ ਪੈਲਸ ਵਾਲਿਆਂ ਨੇ ਬਹੁਤ ਭਾਰੀ ਸੇਲ ਲਾ ਦਿੱਤੀ

ਇਸ ਵਿਸਾਖੀ ਦੀ ਸੇਲ ਵਿਚ ਧੜਾਧੜ ਨਵੇਂ ਨਵੇਂ ਡੀਜ਼ਾਈਨਾਂ ਤੇ ਰੰਗਾਂ ਵਿਚ ਕੱਪੜੇ ਦੀਆਂ ਸ਼ਿਪਮੈਂਟਾਂ ਪਹੁੰਚ ਰਹੀਆਂ ਹਨ!

ਵਿਸਾਖੀ ਦੀ ਖੁਸ਼ੀ ਵਿਚ ਸਾੜ੍ਹੀਆਂ, ਸੂਟ ਤੇ ਚੁੰਨੀਆਂ ਦੁਨੀਆਂ ਦੇ ਕੋਨੇ ਕੋਨੇ ਵਿਚੋਂ ਮੰਗਵਾਈਆਂ ਹਨ ਤੇ ਜਿਨ੍ਹਾਂ ਦੀਆਂ ਕੀਮਤਾਂ ਇੰਨੀਆਂ ਘੱਟ ਹਨ ਕਿ ਆ ਕੇ ਦੇਖੋ!

ਸ੍ਰੀਦੇਵੀ ਸਾੜ੍ਹੀਆਂ ਹੁਣ ਤੁਹਾਨੂੰ ਸਿਰਫ ਆਈ. ਐਸ. ਪੀ. (ਇੰਡੀਆ ਸਾੜ੍ਹੀ ਪੈਲੇਸ) ਤੋਂ ਅਨੇਕਾਂ ਰੰਗਾਂ ਤੇ ਡੀਜ਼ਾਈਨਾਂ ਵਿਚ ਮਿਲ ਸਕਦੀਆਂ ਹਨ ।

ਵਿਆਹਾਂ ਸ਼ਾਦੀਆਂ ਤੇ ਦਾਜ ਵਰੀ
ਦਾ ਸਾਰਾ ਸਮਾਨ ਖਰੀਦਣ ਵਾਲੇ
ਗਾਹਕਾਂ ਨੂੰ ਖਾਸ ਡਿਸਕਾਊਂਟ
ਦਿੱਤਾ ਜਾਵੇਗਾ!

# ਵੀਜ਼ਾ ਫੀਸ

ਚਰਨਪਾਲ ਗਿੱਲ



ਪਿਛਲੇ ਸਾਲ ਜਦ ਫਲੌਰਾ ਮੈਕਡਾਨਲਡ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਵੀਜ਼ਾ ਫੀਸ ਲਾਵੇਗੀ ਤਾਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਤਾਰਾਂ ਤੇ ਖਤ ਇਸ ਨਵੇਂ ਟੈਕਸ ਦੀ ਵਿਰੋਧਤਾ ਕਰਨ ਲਈ ਪਾਏ। ਮਹਿਸੂਸ ਹੁੰਦਾ ਹੈ ਕਿ ਬਹੁਤੀਆਂ ਜਥੇਬੰਦੀਆਂ ਨੇ ਚਿੱਠੀਆਂ ਨਹੀਂ ਭੇਜੀਆਂ ਤੇ ਰੋਸ ਨਹੀਂ ਪ੍ਰਗਟ ਕੀਤਾ ਕਿਉਂਕਿ ਮਨਿਸਟਰ ਦੇ ਕੰਨੀ ਜੂੰ ਨਹੀਂ ਸਰਕੀ ਉਸਨੇ ਫਟਾਫਟ ਕਾਨੂੰਨ ਬਣਾ ਦਿਤਾ ਹੈ ਜਿਸ ਵਿਚ ਗਰੀਬ ਮੁਲਕਾਂ ਤੋਂ ਆਉਣ ਵਾਲੇ ਇਮੀਗਰੇਂਟ ਤੇ ਉਹਨਾਂ ਦੇ ਪਰਵਾਰ ਸਾਰੇ ਮੜੇ ਗਏ ਹਨ।

ਇਸ ਪਾਲਿਸੀ ਬਨਾਉਣ ਦਾ ਇਕ ਹੋਰ ਭੀ ਕਾਰਨ ਹੈ। ਉਹ ਇਹ ਹੈ ਕਿ ਇਨ੍ਹਾਂ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਨੂੰ ਤੰਗ ਕੀਤਾ ਜਾਵੇ ਤਾਕਿ ਛੋਟੀ ਛੋਟੀ ਉਨ੍ਹਾਂ ਦਾ ਕੈਨੇਡਾ ਵੱਲ ਟਾਉਣ ਦਾ ਹੌਂਸਲਾ ਨਾ ਪਵੇ। ਇਨ੍ਹਾਂ ਦਾ ਭਾਵ ਲੋਕਾਂ ਦੇ ਦੰਦ ਖੱਟੇ ਕਰਨਾ ਹੈ ਤਾਕਿ ਉਹ ਕੈਨੇਡਾ ਵਲ ਆਉਣ ਤੋਂ ਥਾਮੇ ਜਾਣ। ਫੀਸ ਦਾ ਵੇਰਵਾ ਇਸ ਤਰ੍ਹਾਂ ਹੈ :—

ਪਰਵਾਰ ਨੂੰ ਸਪੌਂਸਰ ਕਰਨ ਲਈ ਅਰਜ਼ੀ ਦੇਣੀ ਹੈ ਤਾਂ ਫੀਸ — $125.00
ਨੌਕਰੀ ਦੀ ਅਰਜ਼ੀ ਵਿਚ ਤਬਦੀਲ ਕਰਨੀ ਹੋਵੇ ਤਾਂ ਫੀਸ —— $50.00
90 ਦਿਨ ਤੋਂ ਉਪਰ ਵੀਜ਼ਾ ਵਧਾਉਣਾ ਹੋਵੇ ਤਾਂ ਫੀਸ —— $50.00
ਜੇ ਪੁਰਾਣਾ ਰੀਕਾਰਡ ਲੈਣਾ ਹੋਵੇ ਤਾਂ ਫੀਸ —— $25.00

ਤੁਹਾਡਾ ਕੰਮ ਹੋਵੇ ਜਾਂ ਨਾ ਪਰ ਤੁਹਾਡੀ ਫੀਸ ਵਾਪਸ ਨਹੀਂ ਮੁੜਨੀ।

ਬੀ. ਸੀ. ਸੰਘਰਸ਼ ਸੰਮਤੀ ਨੇ ਤਾਰ ਪਾਈ ਸੀ ਤਾ 'ਕੈਨੇਡਾ ਦਰਪਣ' ਵਿਚ ਲੇਖ ਭੀ ਲਿਖਿਆ ਸੀ ਤੇ ਸਾਰੇ ਜਥੇਬੰਦੀਆਂ ਤੇ ਲੋਕਾਂ ਨੂੰ ਆਖਿਆ ਸੀ ਕਿ ਉਹ ਰੋਸ ਪੱਤਰ ਲਿਖਣ। ਅਜ ਪਤਾ ਲਗਿਆ ਕਿ ਕਈ ਜਥੇਬੰਦੀਆਂ ਨੇ ਹੁਣ ਕੰਨ ਚੁਕੇ ਹਨ ਜਦਕਿ ਕਾਨੂੰਨ ਬਣ ਚੁਕਿਆ ਹੈ। ਇਸਤੋਂ ਪਹਿਲੋਂ ਕੰਮ ਸੁਖਾਲਾ ਸੀ ਪਰ ਹੁਣ ਕਾਨੂੰਨ ਦੀ ਵਾਪਸੀ ਮੁਸ਼ਕਲ ਹੋਵੇਗੀ। ਪਰ ਜਦ ਵਾਲਟਰ ਮਕਲੀਨ ਵੈਨਕੂਵਰ ਆਵੇ ਤਾਂ ਉਸਦੇ ਸਾਹਮਣੇ ਸਾਨੂੰ ਸਾਰਿਆਂ ਨੂੰ ਸਿਆਪਾ ਕਰਨਾ ਚਾਹੀਦਾ ਹੈ।

ਕੋਈ ਭੀ ਇਮੀਗਰੇਂਟ ਆਪਦੇ ਘਰ ਜਾਂ ਘਰ ਵਾਲੀ ਨੂੰ ਮੰਗਵਾ ਨਹੀਂ ਸਕਦਾ ਜਿਸਦੀ ਆਮਦਨ ਦਸ ਹਜ਼ਾਰ ਤੋਂ ਥੱਲੇ ਹੈ। ਭਾਰਤੀਆਂ ਦੀ ਆਮਦਨ ਸਭ ਤੋਂ ਥੱਲੇ ਹੈ ਤੇ ਬਹੁਤ ਫਾਰਮਵਰਕਰ, ਜੋ ਅਜੇ ਨੌਜੁਆਨ ਹੀ ਹਨ ਆਪਦੇ ਮੰਗੇਤਰ ਮੰਗਵਾ ਨਹੀਂ ਸਕਣਗੇ। ਸਾਡੇ ਨਵੇਂ ਆਏ ਇਮੀਗਰੇਂਟਾਂ ਨੂੰ ਬਹੁਤ ਹੀ ਤਕਲੀਫ ਹੋਵੇਗੀ।

ਟੋਰੀ ਸਰਕਾਰ ਅਮੀਰਾਂ ਦੀ ਸਰਕਾਰ ਹੈ। ਇਨ੍ਹਾਂ ਨੂੰ ਗਰੀਬਾਂ ਦੀ ਕੋਈ ਪਰਵਾਹ ਨਹੀਂ। ਸੋਕਰਡ ਸਰਕਾਰ ਇਸੇ ਵੇਲ ਦਾ ਇਕ ਕੌੜ ਤੂੰਬਾ ਹੈ। ਆਪਦੀ ਵੋਟ ਅਗਾਂਹ ਨੂੰ ਸਮਝ ਕੇ ਪਾਉਣੀ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਜਿਸ ਵਿਅਕਤੀ ਨੂੰ ਅਜੇ ਕਾਰਡ ਨਹੀਂ ਆਏ ਉਹ ਆਪਦੀ ਵੋਟ ਛੇਤੀ ਤੋਂ ਛੇਤੀ ਰਜਿਸਟਰ ਕਰਾਵੇ। ਜਿਨੀਆਂ ਵੋਟਾਂ ਜ਼ਿਆਦਾ ਹੋਣਗੀਆਂ ਓਨੀ ਹੀ ਕਮਿਊਨਿਟੀ ਦੀ ਸਿਆਸੀ ਤਾਕਤ ਹੋਵੇਗੀ। ਇਸ ਸਿਆਸੀ ਤਾਕਤ ਨਾਲ ਅਸੀਂ ਘਿਨਾਉਣੀਆਂ ਪਾਲਿਸੀਆਂ ਬਦਲਣ ਵਿਚ ਸਫਲ ਹੋ ਸਕਦੇ ਹਾਂ।

ਮੈਂ ਉਸ ਰੱਬ ਦੀ ਕਲਪਨਾ ਨਹੀਂ ਕਰ ਸਕਦਾ, ਜੋ ਆਪਣੀਆਂ ਸਿਰਜੀਆਂ ਚੀਜ਼ਾਂ ਨੂੰ ਇਨਾਮ ਤੇ ਸਜ਼ਾ ਦਿੰਦਾ ਹੈ, ਤੇ ਜਿਸ ਦੇ ਸਾਡੇ ਵਰਗੇ ਹੀ ਮਨੋਰਥ ਹਨ — ਉਹ ਰੱਬ, ਜਿਸ ਵਿਚ ਮਨੁੱਖੀ ਔਗਣ ਵੇਖੇ ਜਾ ਸਕਦੇ ਹਨ। ਨਾ ਹੀ ਮੈਂ ਇਹ ਮੰਨ ਸਕਦਾ ਹਾਂ ਕਿ ਸਰੀਰਕ ਮੌਤ ਤੋਂ ਬਾਅਦ ਮਨੁੱਖ ਦੀ ਹੋਂਦ ਕਾਇਮ ਰਹਿੰਦੀ ਹੈ, ਭਾਵੇਂ ਕਿ ਕਮਜ਼ੋਰ ਬੰਦੇ ਡਰ-ਭੌ ਅਤੇ ਬਚਕਾਨਾ ਹਉਮੈਂ ਸਦਕਾ ਇਸ ਖ਼ਿਆਲ ਦਾ ਸਹਾਰਾ ਲੈਂਦੇ ਹਨ।

— ਆਈਨ ਸਟਾਈਨ

ਔਰਤ ਆਪਣੀ ਸੁਰੰਗ ਵਿਚੋਂ ਇਨਸਾਨ ਜੰਮਦੀ ਹੈ, ਆਪਣੀ ਹਯਾ ਵਿਚੋਂ ਨਹੀਂ! ਹਸ਼ਰ ਵਾਲੇ ਦਿਨ ਵੀ ਖ਼ੁਦਾ, ਮਾਵਾਂ ਕੋਲੋਂ ਸਬੱਬ ਮੰਗੇਗਾ ਤਾਂ ਤੁਹਾਡੀਆਂ ਮੁਫ਼ਲਿਸ ਮਾਵਾਂ, ਕੀ ਬੋਲੀ ਲਾਣਗੀਆਂ ਖ਼ੁਦਾ ਤੋਂ ? ਕੀ ਤੁਸੀਂ ਉਸ ਵੇਲੇ ਕਹੋਗੇ ਕਿ ਮਾਂ ਤੋਂ ਜੁੱਤੀ ਮਹਿੰਗੀ ਹੁੰਦੀ ਹੈ ?

ਸ਼ਾਰਾ ਸ਼ਗੁਫ਼ਤਾ

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address........................................
City............................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ........................ | 100 dollars [a year] |


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर इंडिया
AIR-INDIA
WE'RE YOUR AIRLINE
Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# STATE BANK OF INDIA (CANADA)

# ਸਟੇਟ ਬੈਂਕ ਆਫ ਇੰਡੀਆ (ਕੈਨੇਡਾ)

Wholly owned subsidiary of
**STATE BANK OF INDIA**
India's Largest Commercial Bank

- We offer attractive interest rates on Term Deposits.
- Special Rates for Deposits of $50,000 and over.
- Remittances to every part of India at attractive Indian Rupee exchange rates.
- Corporate and international banking services including commercial loans, letters of credit, etc.
- State Bank Rupee Travellers Cheques.

- ਭਾਰਤ ਵਿਚ ਪੈਸੇ ਭੇਜਣ ਵਾਸਤੇ ਸਾਡੇ ਰੇਟ ਵਾਜਬ ਹਨ

**Two locations to serve you**

**VANCOUVER**
540 Burrard St.
Vancouver, B.C. V6C 2K1
Phone — (604)681-3428

**TORONTO**
Royal Bank Plaza
North Tower, Suite 401
Toronto, Ontario M5J 2J2
Phone - (416)865-0414

# ਔਰਤ ਜ਼ਾਤ ਨਾਲ ਧੱਕਾ ਬਦਸਤੂਰ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ



ਅਮਰੀਕਾ ਦੇ ਨੀਤੀਵਾਨਾਂ ਨੇ ਜਿਹੜੇ ਦੇਸ਼ ਦੇ ਈਕੁਅਲ-ਰਾਈਟਸ ਅਮੈਂਡਮੈਂਟ ਕਾਨੂੰਨ (ਬਰਾਬਰ ਦੇ ਹੱਕ - ਕਾਨੂੰਨ ਦੀ ਸੋਧ) ਦੀ ਵਿਰੋਧਤਾ ਕਰਦੇ ਹਨ, ਜਾਨਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਰ ਦਾ ਪ੍ਰਭਾਵ, ਉਨਤ ਹੋ ਰਹੇ ਦੇਸ਼ਾਂ ਦੀਆਂ ਔਰਤਾਂ ਉਪਰ ਪੈ ਸਕਦਾ ਹੈ, ਜਿਥੇ ਧਰਤੀ ਦੀ ਜਨ-ਸੰਖਿਆ ਦਾ 2/3 ਹਿਸਾ ਵਸਦਾ ਹੈ ਅਤੇ ਜਿਥੇ ਔਰਤ ਬੜਾ ਤਰਸਯੋਗ ਜੀਵਨ ਬਤੀਤ ਕਰ ਰਹੀ ਹੈ

ਯੁਨਾਈਟਿਡ ਨੇਸ਼ਨਜ਼ ਡੀਕੇਡ ਫਾਰ ਵਿਮੈਨ (10 ਸਾਲੇ) ਸੰਸਥਾ ਦੇ ਕੁਝ ਕੁ ਅੰਕੜੇ ਇਸ ਪ੍ਰਕਾਰ ਹਨ :-

ਧਰਤੀ ਤੇ ਵਸਦੀ ਔਰਤ, ਧਰਤ-ਵਸੋਂ ਦਾ ਅੱਧ ਹਨ, ਸਾਰੀ ਧਰਤੀ ਦੇ ਕੁੱਲ ਕਿੱਤਾ-ਘੰਟਿਆਂ (ਵਰਕਿੰਗ ਆਵਰਜ਼) ਦਾ 2/3 ਹਿਸਾ ਪਾਉਂਦੀਆਂ ਹਨ ਤੇ ਜਿਹੜੀਆਂ ਧਰਤੀ ਤੇ ਵਸਦੀ ਸਾਰੀ ਘਰੇਲੂ ਆਰਥਿਕਤਾ ਦਾ ਪ੍ਰਬੰਧ ਮੁਹੱਈਆਂ ਕਰਦੀਆਂ ਹਨ ਪਰ ਧਰਤੀ ਦੀ ਕੁਲ ਕਮਾਈ ਦਾ ਕੇਵਲ 1/10 (ਦਸਵਾਂ ਹਿਸਾ) ਹੀ ਉਨ੍ਹਾਂ ਦੇ ਹਿੱਸੇ ਆਉਂਦਾ ਹੈ ; ਧਰਤੀ ਦੀ ਕੁਲ ਜਾਇਦਾਦ ਦੀ ਉਨ੍ਹਾਂ ਕੋਲ ਕੇਵਲ ਇਕ ਪਰਸੈਂਟ (ਸੌਵਾਂ ਹਿਸਾ) ਮਾਲਕੀ ਹੈ (ਆਦਮੀ ਦੇ ਮੁਕਾਬਲੇ) ਅਤੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਪਾਲਿਸੀ ਵਿਉਂਤਣ ਵਿਚ ਉਨ੍ਹਾਂ ਦੀ ਵੋਟ ਸਿਫਰ ਹੈ ਭਾਵ ਕੋਈ ਵੋਟ ਨਹੀਂ ਹੈ ।

ਉਦਾਹਰਣ ਵਜੋਂ ਉਨਤ ਹੋ ਰਹੇ ਦੇਸ਼ਾਂ ਵਿਚ ਔਰਤ ਹੀ ਹੈ ਜਿਹੜੀ ਪੁਰਾਣੇ ਦਕਿੱਆ-ਨੂਸੀ, ਲੱਕ-ਤੋੜਵੇਂ ਮੁਸ਼ੱਕਤੀ ਸੰਦਾਂ ਦੁਆਰਾ, ਕਠਨ ਮਿਹਨਤ ਕਰ, ਘਟੋ ਘੱਟ ਅੱਧੀ ਖੁਰਾਕ ਪੈਦਾ ਕਰਨ ਵਿਚ ਹਿਸਾ ਪਾਉਂਦੀ ਹੈ । ਏਸ਼ੀਆ ਅਤੇ ਅਫਰੀਕਾ ਜਿਥੇ ਵਸੋਂ ਦਾ 85 ਪ੍ਰਤੀਸ਼ਤ ਪਿੰਡਾਂ ਵਿਚ ਵਸਦਾ ਹੈ, ਫਾਰਮ-ਲੇਬਰ ਦਾ 60-80 ਪ੍ਰਤੀਸ਼ਤ ਹਿਸਾ ਔਰਤ ਪਾ ਰਹੀ ਹੈ । ਬਹੁਤ ਸਾਰੇ ਤੀਜੀ-ਦੁਨੀਆਂ ਦੇਸ਼ਾਂ ਦੀ ਔਰਤ ਨੂੰ ਚਾਰ ਘੰਟੇ ਰੋਜ਼ ਪੈਦਲ ਤੁਰ, ਘਰ ਦੀ ਵਰਤੋਂ ਲਈ ਪਾਣੀ ਲਿਆਉਣਾ ਪੈਂਦਾ ਹੈ ਅਤੇ ਇਸ ਤੋਂ ਹੋਰ ਵਾਧੂ ਬਾਲਣ ਲਿਆਉਣ ਲਈ ਵੀ ਅਤੇ ਇਸ ਤੋਂ ਵੀ ਹੋਰ ਇਲਾਵਾ ਘਰ ਦੇ ਹੋਰ ਸਾਰੇ ਕੰਮ ਤੇ ਕਈ ਬੱਚਿਆਂ ਦੀ ਸੇਵਾ-ਸੰਭਾਲ, ਭਾਵ ਉਨ੍ਹਾਂ ਨੂੰ 16 ਘੰਟੇ ਰੋਜ਼ ਜਾਨਵਰਾਂ ਵਾਂਗ ਜੁਟੇ ਰਹਿਣਾ ਪੈਂਦਾ ਹੈ ।

ਉਨਤ ਹੋ ਰਹੇ ਦੇਸ਼ਾਂ ਦੀ ਔਰਤ ਨੂੰ, ਆਦਮੀ ਦੇ ਮੁਕਾਬਲੇ ਬੀਮਾਰੀ ਚਿੰਬੜਨ ਦੇ ਵੀ ਬਹੁਤੇ ਅਵਸਰ ਹਨ । ਜਿਨ੍ਹਾਂ ਵਿਚ ਜਣੇਪਾ ਤੇ ਨਾਲ ਮੁਸ਼ੱਕਤੀ ਕੰਮ ਸ਼ਾਮਿਲ ਹਨ । ਬੜੇ ਥੋੜੇ ਦੇਸ਼ ਹਨ ਜਿਥੇ ਔਰਤ ਦੀਆਂ ਸਿਹਤ-ਲੋੜਾਂ ਦੇ ਪਰੋਗਰਾਮਾਂ ਦਾ ਪ੍ਰਬੰਧ ਹੈ ਅਤੇ ਜਿਥੇ ਪ੍ਰਬੰਧ ਹੈਨ ਵੀ ਉਥੇ ਉਨ੍ਹਾਂ ਦੇ ਲਾਭ-ਪ੍ਰਾਪਤੀ ਲਈ ਔਰਤ ਕੋਲ ਘਰੋਗੀ ਰੁਝੇਵੇਂ ਕਾਰਨ ਸਮਾਂ ਹੀ ਨਹੀਂ ਹੈ ।

ਧਰਤੀ ਦੀ ਅਨਪੜ੍ਹ ਵਸੋਂ ਦਾ 2/3 ਹਿਸਾ ਔਰਤਾਂ ਹਨ ਅਤੇ ਧਰਤ-ਵਸੋਂ ਦਾ 30 ਪ੍ਰਤੀਸ਼ਤ ਹਿਸਾ ਅਨਪੜ੍ਹ ਹਨ । ਉਨਤ ਹੋ ਰਹੇ ਦੇਸ਼ਾਂ ਦੀਆਂ 80 ਪ੍ਰਤੀਸ਼ਤ ਔਰਤਾਂ ਲਿਖ-ਪੜ੍ਹ ਸਕਣ ਤੋਂ ਅਸਮਰਥ ਹਨ ਅਤੇ ਧਰਤ-ਔਰਤ ਵਸੋਂ ਅਨਪੜ੍ਹਤਾਂ ਵਧ ਰਹੀ ਹੈ । ਅਸਲ ਵਿਚ ਉਨਤ ਹੋ ਰਹੇ ਦੇਸ਼ਾਂ ਦੀਆਂ ਔਰਤਾਂ ਦੀ ਜ਼ਿੰਦਗੀ ਬਦਮੁਤਰ ਕਠਨ ਹੈ, ਬਹੁਤਾ ਉਨ੍ਹਾਂ ਦੀ ਅਨਪੜ੍ਹਤਾ ਅਤੇ ਜਾਣਕਾਰੀ ਦੀ ਘਾਟ ਹੈ ਜਿਸਦੀ ਅਣਹੋਂਦ ਕਾਰਨ, ਓਹ ਆਪਣੀਆਂ ਸਮੱਸਿਆਵਾਂ, ਉਨ੍ਹਾਂ ਦਾ ਉਪਾਓ ਜਾਂ ਉਨ੍ਹਾਂ ਦਾ ਬਦਲਣਾ, ਨਾ-ਸਮਝ ਸਕਣ ਕਾਰਨ ਉਨ੍ਹਾਂ ਵਿਚ ਤਬਦੀਲੀ ਨਹੀਂ ਆ ਰਹੀ ।

ਆਖਰ ਏਸ ਸਭ ਕੁਝ ਦਾ ਨੀਤੀਵਾਨਾ (ਪਾਲਿਟੀਸ਼ਨਾਂ) ਅਤੇ ਈਰਾ (ਈ: ਆਰ: ਏ: - ਐਮਰਜੇਨਸੀ ਰੀਲੀਫ ਐਡਮਨਿਸਟਰੇਸ਼ਨ) ਨਾਲ ਕੀ ਸਬੰਧ ਹੈ ?

ਹੁਣ ਵੇਲਾ ਹੈ ਕਿ ਅਮਰੀਕਾ ਦੇ ਨੀਤੀਵਾਨ ਸਮਝ ਲੈਣ, ਕਿ ਉਨ੍ਹਾਂ ਦਾ ਦੇਸ਼ ਕਿਸੇ ਪੁਲਾ (ਪੋਲ) ਵਿਚ ਨਹੀਂ ਲਟਕ ਰਿਹਾ ਬਲਕਿ ਇਕ ਸੁੰਗੜ ਰਹੀ (ਛੋਟੀ ਹੁੰਦੀ ਜਾ ਰਹੀ) ਹੋਰ ਵਧੇਰੇ ਅੰਤਰ-ਆਧਾਰਤ ਹੋ ਰਹੀ ਦੁਨੀਆਂ ਵਿਚ ਵਸ ਰਿਹਾ ਹੈ ਜਿਥੇ ਉਨ੍ਹਾਂ ਦੀਆਂ ਨੀਤੀਆਂ ਦਾ ਮਨੋਰਥ ਹੁਣ ਕੇਵਲ ਆਪਣਾ ਘਰ ਹੀ ਸੁਆਰ-ਪੂੰਝ ਰਖਣ ਤੀਕ ਸੀਮਤ ਨਹੀਂ ਹੈ ।

ਸਾਰੇ ਦੇਸ਼ ਅਮਰੀਕਾ ਦੀ ਰੀਸ ਕਰਨਾ ਮੰਗਦੇ ਹਨ, ਖਾਸ ਕਰ, ਉਨਤ ਹੋ ਰਹੇ ਦੇਸ਼ ਜਿਥੇ ਅਮਰੀਕਾ ਦਾ ਆਰਥਿਕ ਪ੍ਰਭਾਵ ਬੜਾ ਜ਼ੋਰਾਂ ਤੇ ਹੈ । ਏਹੋ ਕਾਰਨ ਹੈ ਕਿ ਅਨੇਕ ਦੇਸ਼ਾਂ ਦੇ ਲੀਡਰ ਆਪਣੇ ਆਪ ਨੂੰ ਅਗਾਂਹ-ਵਧੂ ਅਤੇ ਨਵੀਨ ਸਾਬਤ ਕਰਨ ਲਈ ਓਹ ਲਹਿੰਦੇ ਦੀਆਂ ਕਦਰਾਂ-ਕੀਮਤਾਂ ਅਪਨਾਉਣ ਦੇ ਬੜੇ ਅਭਿਲਾਸ਼ੀ ਹਨ ।

ਅਮਰੀਕਾ ਦੇ ਨੀਤੀਵਾਨ ਲੀਡਰ, ਜੇ ਦੇਸ਼ ਵਿਚ ਔਰਤ ਦੇ ਖਿਲਾਫ (ਈਰਾ ਦੀ ਪ੍ਰਵਾਹ ਨਾ ਕਰਦਿਆਂ) ਵਿਤਕਰਾ-ਕਾਨੂੰਨ ਪਾਸ ਕਰ ਦੇਣ ਤਾਂ ਉਹ ਕੇਵਲ ਅਮਰੀਕਾ ਵਸਦੀਆਂ 100 ਮਿਲੀਅਨ (ਦਸ ਕਰੋੜ) ਔਰਤਾਂ ਵਲੋਂ ਹੀ ਬੇਮੁਖ ਨਹੀਂ ਹੋਣਗੇ (ਜਿਹੜੀਆਂ ਈਰਾ ਦੀ ਮਦਦ ਨਾਲ ਵੀ ਤੇ ਉਸਦੀ ਮਦਦ ਤੋਂ ਬਗੈਰ ਵੀ) ਪਰਸਪਰ ਸੁਰੱਖਿਅਤ ਤੇ ਆਰਾਮਦੇਹ ਜ਼ਿੰਦਗੀਆਂ ਜੀ ਸਕਦੀਆਂ ਹਨ ਤੇ ਅੰਤ ਵਿਚ ਬਰਾਬਰਤਾ ਪ੍ਰਾਪਤ ਕਰ ਹੀ ਲੈਣਗੀਆਂ ; ਈਰਾ ਵਿਰੋਧੀ ਤੀਜੀ ਦੁਨੀਆਂ ਵਸਦੀਆਂ ਇਕ ਅਰਬ ਤੋਂ ਵੀ ਵੱਧ ਗਿਣਤੀ ਔਰਤਾਂ ਨੂੰ, ਕਈ ਹੋਰ ਦਹਾਕੇ-ਸਾਲ ਲੌਂਡੀਆਂ-ਬਾਂਦੀਆਂ ਬਣਾਈ ਰੱਖਣ ਦੇ ਕਸ਼ਟ ਵਿਚ ਪਾ, ਅਪਰਾਧੀ ਠਹਿਰਾਨ ਵਿਚ ਸਹਾਈ ਹੋਣਗੇ, ਜਿਹਦਾ ਕਿ ਲਹਿੰਦੇ ਵਸਦੇ ਲੋਕ ਕਿਆਸ ਵੀ ਨਹੀਂ ਕਰ ਸਕਦੇ ।

ਮਰਦ ਤੇ ਔਰਤ ਇਕੋ ਦਰਖਤ ਦੇ, ਉਪਮਾਯੋਗ ਦੋ ਟਾਹਣੇ ਹਨ । ਸੰਸਾਰ ਦਾ ਵਾਧਾ ਵੀ ਇਨ੍ਹਾਂ ਦੋਵਾਂ ਦੇ ਸਾਂਝੇ ਪਿਆਰ ਕ੍ਰਿਸ਼ਮੇਂ ਦਾ ਹੀ ਫਲ ਹੈ । ਔਰਤ ਚੂੰਕਿ ਬੱਚੇ ਨੂੰ, ਪਹਿਲਾਂ 9 ਮਹੀਨੇ ਆਪਣੇ ਗਰਭ ਵਿਚ ਤੇ 10-12 ਸਾਲ ਜਦ ਤੱਕ ਬੱਚਾ ਤਕੜਾ ਨਹੀਂ ਹੋ ਜਾਂਦਾ, ਓਹਦੀ ਸਾਂਭ-ਸੰਭਾਲ 'ਚ ਤਨੋ, ਮਨੋ ਤੇ ਧੰਨੇ ਬੜੀ ਲਗਨ ਨਾਲ ਜੁਟੀ ਰਹਿੰਦੀ ਹੈ ; ਸੋ ਬੱਚੇ ਵੱਲ ਮਰਦ ਦੇ ਮੁਕਾਬਲੇ ਮਾਂ ਦਾ ਬਹੁਤਾ ਪਿਆਰ ਹੋਣਾ ਕੁਦਰਤੀ ਹੈ ।

ਮਨੂੰ ਨੇ ਕਿੱਤਿਆਂ ਦੇ ਆਧਾਰ ਤੇ ਜ਼ਾਤਾਂ ਬਣਾ ਧਰੀਆਂ ਤੇ ਮਰਦ ਨੇ ਆਪਣੇ ਸਰੀਰਕ ਬਲ ਦੇ ਬਲ-ਬੋਤੇ ਤੇ ਔਰਤ ਨੂੰ ਹਰ ਪਖੋਂ ਨੀਚਾ ਦਿਖਾ, ਉਹਨੂੰ ਪਰਵਾਰ ਦੀ ਜਾਂ ਕੌਮ ਦੀ ਮਾਂ ਹੋਣ ਦਾ ਮਾਣ ਦੇਣ ਦੀ ਬਜਾਏ, ਓਹਨੂੰ ਇਕ ਬੱਚਾ-ਪੈਦਾ ਕਰੂ ਮਸ਼ੀਨ ਜਾਂ ਕਿਸੇ ਹੋਰ ਘਰੋਗੀ ਜਾਇਦਾਦ ਜਿਵੇਂ ਕਿ ਘੋੜੇ, ਮਾਲ-ਡੰਗਰ ਜਾਂ ਹੋਰ ਜਾਇਦਾਦ ਵਾਂਗ ਜਾਇਦਾਦ ਹੀ ਸਮਝਿਆ, ਇਨਸਾਨ ਨਹੀਂ ; ਏਸੇ ਲਈ ਆਪਣੇ ਤੋਂ ਕਮਜ਼ੋਰ ਵਿਅਕਤੀ ਨਾਲ ਲੜਾਈ ਦਾ ਮੁਖ ਕਾਰਨ, ਜ਼ਰ(ਦੌਲਤ). ਜ਼ੋਰੋ(ਔਰਤ) ਤੇ ਜ਼ਮੀਨ ਹਥਿਆਉਣਾ ਹੀ ਰਿਹਾ ਹੈ ।

ਲੜਾਈ ਵਿਚ ਵੀ ਇਹ ਕਮਜ਼ੋਰ ਤੇ ਖੂਬਸੂਰਤ ਵਰਗ ਹੀ ਦੋ-ਪਾਸੜ-ਸੱਟ ਦਾ ਨਿਸ਼ਾਨਾ ਬਣਦੀ ਰਹੀ ; ਪਿਆਰੇ ਪੁੱਤਾਂ ਦੇ ਮਰਨ ਤੇ ਜੇਤੂਆਂ ਦੀ ਕਾਮ-ਹਵਸ ਦਾ ਸ਼ਿਕਾਰ ਬਣਨ ਕਾਰਨ । ਪਹਿਲਾਂ ਇਹਦੇ ਜੰਮਣ ਵੇਲੇ, ਢਿੱਲੇ ਢਿੱਲੇ, ਲੰਮੇ ਲੰਮੇ ਸੋਗੀ ਮੂੰਹ ਤੇ ਫੇਰ ਮਾਪੇ ਘਰ ਵੀ ਤੇ ਸੌਹਰੇ-ਘਰ ਵੀ ਜਿਵੇਂ ਏਸ ਵਰਗ ਨਾਲ ਬੀਤਦੀ ਹੈ, ਓਹ ਬਹੁਤਾ ਦੁਹਰਾਉਣ ਦੀ ਲੋੜ ਨਹੀਂ ।

ਹੇਠ ਲਿਖੀਆਂ ਇਹਦੀਆਂ ਵਿਸ਼ੇਸ਼ਤਾਈਆਂ ਨੂੰ ਨਜ਼ਰ-ਅੰਦਾਜ਼ ਕਰਨਾ, ਸਿਆਣਪ ਤੋਂ ਸਖਣਾਂ ਹੀ ਆਖਿਆ ਜਾ ਸਕਦਾ ਹੈ :-

1. ਮਰਦ ਦੇ ਮੁਕਾਬਲੇ ਔਰਤ ਬਹੁਤੀ ਐਡਵੈਂਚਰਿਸਟ (ਸਾਹਸੀ-ਜਾਂਬਾਜ਼) ਹੈ । ਜਿਸ ਘਰ ਵਿਚ ਇਹ ਜਨਮ ਲੈਂਦੀ ਪਲਦੀ, ਪੜ੍ਹਦੀ ਦੇ 18-20 ਸਾਲ ਤਕ ਬਾਕੀ ਮਾਲਿਕਾਂ ਵਾਂਗ ਪ੍ਰਵੇਸ਼ ਕਰਦੀ ਹੈ, ਇਕਦਮ ਹੀ ਇਹ ਉਸ ਘਰ, ਉਸ ਭਾਈਚਾਰੇ, ਮਾਪੇ ਤੇ ਸਹੇਲੀਆਂ ਨੂੰ ਛੱਡ, ਗੁਡਬਾਈ ਆਖ, ਇਕ ਅਜਨਬੀ ਦੇ ਲੜ ਲਗ, ਕਿਸੇ ਅਣਡਿਠੇ ਘਰ, ਅਣਪਛਾਤੇ ਭਾਈਚਾਰੇ ਜਿਨ੍ਹਾਂ ਬਾਰੇ ਇਹਨੂੰ ਬਿਲਕੁਲ ਕੁਝ ਨਹੀਂ ਪਤਾ, ਬਿਨਾਂ ਚੂੰ-ਚਿਰਾ, ਓਸ ਨਵੇਂ ਘਰ ਦੇ ਵਿਅਕਤੀਆਂ ਦਾ ਹੁਕਮ ਮੰਨਣ ਲਈ ਕੂਕਾਂ ਮਾਰਦੀ ਤੇ ਹੰਝੂ ਕੇਰਦੀ ਤੁਰ ਪੈਂਦੀ ਹੈ ਕੀ ਇਕ ਮਰਦ ਇਹ ਕੁਝ ਕਰਨ ਦਾ ਹੀਆ ਕਰ ਸਕਦਾ ਹੈ ?

2. ਮਰਦ ਦੇ ਮੁਕਾਬਲੇ ਔਰਤ ਬਹੁਤੀ ਹਠੀਆ ਹੈ । ਸੌਹਰੇ-ਘਰ ਉਪੜ ਇਕ ਦੋ ਚਾਰ ਮਹੀਨੇ ਨਹੀਂ ; ਸਾਲਾਂ ਬੱਧੀ, ਸੱਸੂ ਜੀ ਦੇ ਝਿੜਕੇ ਖਾਂਦੀ, ਅਨੇਕ ਪ੍ਰਕਾਰ ਦੇ ਜਬਰ ਝੱਲਦੀ ਉਮਰ ਹੀ ਬਿਤਾ ਦਿੰਦੀ ਹੈ ਤੇ ਇਹ ਲੌਂਡੀਆਂ ਵਾਲੀ ਜ਼ਿੰਦਗੀ ਮਜਬੂਰਨ ਓਹਨੂੰ ਬਸਰ ਕਰਨੀ ਪੈਂਦੀ ਹੈ, ਕਿਉਂ ਜੋ ਪਤੀ-ਦੇਵ ਆਪਣੀ ਮਾਂਜੀ ਦੇ, ਏਨੇ ਆਗਿਆਕਾਰ ਸਪੁੱਤਰ ਹਨ ਕਿ ਓਹ ਆਪਣੀ ਪਤਨੀ ਨਾਲ ਪਰਤੱਖ ਬੇਇਨਸਾਫੀ ਦੇਖਦੇ ਵੀ, ਮਾਂਜੀ ਨੂੰ ਓਹਦੀ ਜ਼ਿਆਦਤੀ ਆਖਣ ਦਾ ਹੌਂਸਲਾ ਹੀ ਨਹੀਂ ਕਰ ਸਕਦੇ । ਜਦ ਕਦੀ ਓਹਦੇ ਆਪਣੇ ਪੁੱਤਰ ਜਿਹੜੇ ਆਪਣੇ ਮਾਤਾ ਜੀ ਨਾਲ ਜ਼ੁਲਮ ਹੋਣ ਦੇ ਚਸ਼ਮ-ਦੀਦ ਗਵਾਹ ਹੁੰਦੇ ਹਨ, ਉਨ੍ਹਾਂ ਦੀ ਵੋਟ ਮਾਂ ਦੇ ਹੱਕ ਵਿਚ ਹੋ ਜਾਂਦੀ ਹੈ ਜਾਂ ਚੰਮ ਦੀਆਂ ਚਲਾਉਣ ਵਾਲੇ ਸੱਸੂ ਜੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ, ਤਾਂ ਜਾ ਕੇ ਓਸ ਵਿਚਾਰੀ ਨੂੰ ਇਨਸਾਨਾਂ ਵਾਲੀ ਜ਼ਿੰਦਗੀ ਦਾ ਸੁਭਾਗਯ ਪ੍ਰਾਪਤ ਹੁੰਦਾ ਹੈ । ਕੀ ਮਰਦ ਏਨੇ ਹਠ ਜਾਂ ਜਿਗਰੇ ਦੀ ਪ੍ਰਦਰਸ਼ਨੀ ਕਰ ਸਕਦਾ ਹੈ ?

3. ਇਸਤਰੀ ਮਰਦ ਦੇ ਮੁਕਾਬਲੇ ਬਹੁਤੀ ਸੰਜਮੀਂ ਭਾਵ ਕਫਾਇਤ-ਸ਼ੁਆਰ ਹੈ । ਕੁੜੀ ਜੰਮਣ ਤੋਂ ਹੀ ਓਹ ਓਹਦੇ ਦਾਜ-ਦਹੇਜ ਦੇਣ ਲਈ ਪਰੋਗਰਾਮ ਉਲੀਕ, ਲੀੜਾ-ਲੱਤਾ ਬਣਾਉਣ ਦੇ ਆਹਰ ਲਗ ਜਾਂਦੀ ਹੈ ਤੇ ਖਾਣ-ਪੀਣ ਦੀਆਂ ਵਸਤਾਂ ਵੀ ਓਹ ਸੰਜਮ ਕਰ, ਲੁਕਾ-ਸੰਭਾਲ, ਆਏ-ਗਏ ਦੇ ਵੇਲਾ ਸਾਰਨ ਲਈ ਤਤਪਰ ਰਹਿੰਦੀ ਹੈ ।

4. ਮਰਦ ਦੇ ਮੁਕਾਬਲੇ ਇਸਤਰੀ ਖੁਦਾ-ਤਰਸ ਵੀ ਬਹੁਤ ਹੈ ਤੇ ਕਿਸੇ ਗੁਨਾਹ ਕਰਨ ਜਾਂ ਕਿਸੇ ਤੇ ਜ਼ੁਲਮ ਕਰਨ ਤੋਂ ਬੜਾ ਗੁਰੇਜ਼ ਕੀਤਾ ਕਰਦੀ ਹੈ ਤੇ ਵਾਹ ਲਗਦੇ ਆਪਣੇ ਪਤੀਦੇਵ ਨੂੰ ਵੀ ਕਿਸੇ ਪ੍ਰਕਾਰ ਦਾ ਪਾਪ ਨਾ ਕਰਨ ਤੋਂ ਪ੍ਰਚਾਰਦੀ ਹੀ ਰਹਿੰਦੀ ਹੈ ਤੇ, "ਸਾਨੂੰ ਕਬੀਲਦਾਰਾਂ ਨੂੰ ਰੱਬ ਦਾ ਸਿਮਰਨ ਕਰਦਿਆਂ ਜ਼ਰੂਰ ਨੇਕ ਕੰਮ ਕਰਨੇ ਚਾਹੀਦੇ ਹਨ", ਆਦਿ ਟਕੋਰਦੀ ਹੀ ਰਹਿੰਦੀ ਹੈ, ਏਸੇ ਲਈ ਤੇ ਗੁਰੂ ਰਾਮਦਾਸ ਨੇ ਅੰਮ੍ਰਿਤਸਰ ਦੀਆਂ ਮਾਈਆਂ ਬਾਰੇ ਆਖਿਆ ਸੀ, "ਅਥਰਸਰੀਏ ਅੰਦਰ-ਸੜੀਏ, ਮਾਈਆਂ ਰਬ-ਰਜਾਈਆਂ ।"

5. ਮਰਦ ਦੇ ਮੁਕਾਬਲੇ ਇਸਤਰੀ ਕਾਮੀ ਵੀ ਤਕੜੀ ਹੈ ਭਾਵ ਅਣਥੱਕ-ਕਮਾਊ ਹੈ । ਮੀਂਹ ਜਾਵੇ ਨ੍ਹੇਰੀ ਜਾਵੇ ਬੱਚਿਆਂ ਦੀ ਸੇਵਾ ਸੰਭਾਲ, ਪ੍ਰਵਾਰ ਲਈ ਰੋਟੀ-ਟੁਕ ਘਰ ਦੀ ਸਫਾਈ, ਲਵੇਰੇ ਦਾ ਚੋਣਾ-ਰਿੜਕਣਾ, ਘਰ ਦੇ ਪਾਟੇ-ਪੁਰਾਣੇ ਸੀਣੇ, ਗਵਾਂਢ ਨਾਲ ਲੈਣ-ਦੇਣ ਤੇ ਹਮਦਰਦ ਵਿਹਾਰ-ਸਾਂਝ, ਇਸਤੋਂ ਇਲਾਵਾ ਪੈਲੀ ਵਿਚ ਵੀ ਯੋਗ ਹਿਸਾ ਪਾਉਣਾ ਆਪਣਾ ਫਰਜ਼ ਸਮਝਦੀ ਹੈ । ਪਤੀ ਜੀ ਨੂੰ ਤਾਂ ਕੰਮ ਤੋਂ ਛੁਟੀ ਆਦਿ ਹੋਣ ਤੇ ਵੇਹਲ ਹੋ ਸਕਦਾ ਹੈ, ਪਰ ਇਸਤਰੀ ਨੂੰ ਸਗੋਂ ਉਸ ਦਿਨ ਸ਼ਾਇਦ ਪਤੀ ਦੇ ਕਿਸੇ ਮਿਤਰ ਆਏ ਦੀ ਵੀ ਰੋਟੀ-ਟੁਕ ਦੀ ਸੇਵਾ ਕਰਨੀ ਪੈਂਦੀ ਹੋਵੇ । ਐਥੇ ਵੀ ਜੋ ਦੋਵਾਂ ਦੇ ਕੰਮ-ਘੰਟਿਆਂ ਦੀ ਗਿਣਤੀ ਕਰੀਏ ਤਾਂ ਔਰਤ ਦੇ ਨਿਸਚੇ ਹੀ ਵਧ ਹਨ ਪਰ ਫੇਰ ਵੀ ਪਤੀ ਦੇਵ ਰੰਘੜ੍ਹ ਦੀ ਰੰਘੜ੍ਹਊ ਕਾਇਮ ਰਖਣ ਲਈ, ਖਸਤ ਹੋਣ ਦੇ ਸਰਟੀਫਿਕੇਟ ਦਾ ਰੋਹਬ ਪਾਉਣਾ ਆਪਦਾ ਜਮਾਂਦਰੂ ਫਰਜ਼ ਸਮਝਦੇ ਹਨ ।

6. ਬਿਨਾਂ ਕੀਤੇ ਗੁਨਾਹ ਦੇ ਉਲਾਂਭੇ ਦੀ ਜ਼ਿੰਮੇਵਾਰ । ਇਸਤਰੀ ਦਾ ਮਰਦ ਚੋਰ ਹੋਵੇ, ਜੂਏਬਾਜ਼ ਹੋਵੇ ਜਾਂ ਕਿਸੇ ਪ੍ਰਕਾਰ ਦਾ ਅਪਰਾਧੀ, ਇਸਤਰੀ ਨੂੰ ਇਕਦਮ ਉਹਦੀ ਭਾਈਵਾਲ ਸਮਝਣ ਲਗ ਜਾਂਦੇ ਹਨ ਤੇ ਭਾਈਚਾਰਾ ਉਹਨੂੰ ਨਫਰਤ ਦੀ ਨਿਗਾਹ ਨਾਲ ਦੇਖਣ ਲਗ ਜਾਂਦਾ ਹੈ । ਇਸਤਰੀ ਵਿਚ ਭਾਵੇਂ ਚੰਗੇ ਘਰੇਲੂ, ਦਿਆਨਤਦਾਰ, ਸਚਾਈ ਪਸੰਦ, ਖੁਦਾ-ਤਰਸ, ਭਲੀਮਾਣਸ, ਸਚਿਆਰੀ ਆਦਿ ਕਿੰਨੇ ਗੁਣ ਹੋਣ, ਉਹਦੇ ਗੁਣਾਂ ਦੀ ਰੋਹੜ, ਪਤੀ ਵਲ ਨੂੰ ਬੜੀ ਘਟ ਹੁੰਦੀ ਹੈ ਅਥਵਾ ਇਸਤਰੀ ਦੇ ਗੁਣਾਂ ਦਾ ਕਰੈਡਿਟ ਪਤੀ ਨੂੰ ਬੜਾ ਘੱਟ ਮਿਲਦਾ ਹੈ, ਸ਼ਾਇਦ ਏਸ ਲਈ ਕਿ ਘਰ ਦਾ ਮਾਲਿਕ ਜਾਂ ਕਰਤਾ-ਧਰਤਾ ਹਮੇਸ਼ਾਂ ਮਰਦ ਨੂੰ ਹੀ ਗਿਣਦੇ ਹਨ ।

7. ਬੱਚਿਆਂ ਦੇ ਉਜਲੇ ਭਵਿਖ ਬਾਰੇ ਵੀ ਮਰਦ ਦੇ ਮੁਕਾਬਲੇ ਮਾਂ ਨੂੰ ਬਹੁਤ ਲਗਨ ਹੁੰਦੀ ਹੈ । ਬੇਸ਼ੱਕ ਕਮਾਈ ਲਈ ਮਰਦ ਦਾ ਪਾਰਟ ਬੜਾ ਮੇਜਰ ਹੈ ਪਰ ਫਜ਼ੂਲ-ਖਰਚੀ ਤੋਂ ਸੰਜਮ ਕਰ, ਬੱਚਿਆਂ ਦੇ ਉਜਲੇ ਭਵਿਖ ਤੇ ਖਰਚ ਕਰਨ ਲਈ ਔਰਤ ਹਮੇਸ਼ਾਂ ਮਰਦ ਨੂੰ ਝਿੜਕੇ ਖਾ ਕੇ ਵੀ ਪਰੇਰਦੀ ਰਹਿੰਦੀ ਹੈ ਤੇ ਜਵਾਨ ਪੁੱਤ ਨਾਲ, ਖੇਭੜ-ਖਭੜਾ ਤੋਂ ਵੀ ਪਤੀ ਜੀ ਨੂੰ ਵਰਜਦੀ ਹੀ ਰਹਿੰਦੀ ਹੈ ਤਾਂਕਿ ਪਰਵਾਰ ਦਾ ਆਪਸੀ ਪਿਆਰ ਬਣਿਆ ਰਹੇ ।

8. ਪਰਵਾਰ ਵਿਚ ਸ਼ਾਂਤ ਵਾਤਾਵਰਨ ਰਖਣ ਲਈ ਵੀ ਮਰਦ ਦੇ ਮੁਕਾਬਲੇ ਔਰਤ ਦੀ ਬਹੁਤੀ ਕੁਰਬਾਨੀ ਹੈ । ਜੇ ਕੋਈ ਮੂੜ੍ਹ ਪਤੀ ਕਰੋਧ ਵਿਚ ਆਪਣੇ ਕਿਸੇ ਜਵਾਨ ਬੱਚੇ ਮਗਰ ਗੰਨ ਲੈ ਕੇ ਮਾਰਨ ਲਈ ਭੱਜਦਾ ਹੈ ਤਾਂ ਵੀ ਮਾਂ ਆਪਣੀ ਜਾਨ ਦੀ ਪਰਵਾਹ ਨਾ ਕਰਦੀ, ਵਿਚਕਾਰ ਹੋ ਮੌਕਾ ਟਾਲਣ ਲਈ ਨੌਜਵਾਨ ਪੁੱਤਰ ਨੂੰ ਤੇ ਪਤੀ ਨੂੰ ਵਖ ਵਖ ਕਰ, ਆਪਣਾ ਮਾਂ-ਰੋਹਬ ਤੇ ਪਤਨੀ-ਤਰਲਾ ਕਰ ਸ਼ਾਂਤ ਵਰਤਾਉਣ ਲਈ ਤਤਪਰ ਰਹਿੰਦੀ ਹੈ ।

ਬੜੇ ਦੁੱਖ ਦੀ ਗੱਲ ਹੈ ਕਿ ਇਹ ਕਮਜ਼ੋਰ ਤੇ ਖੂਬਸੂਰਤ ਵਰਗ, ਮਹਾਂ-ਪੁਰਸ਼ਾਂ ਦੇ ਵੀ ਘਾਤਕੀ-ਸੱਟ ਤੋਂ ਨਾ ਬਚ ਸਕਿਆ ਤੇ ਉਨ੍ਹਾਂ ਇਹਨੂੰ ਚਰਿਤ੍ਰਾਂਭਰੀ ਆਖ, ਆਪਣੀ ਕਲਮ ਦੁਆਰਾ ਇਹਨੂੰ ਭੰਡਣ ਤੋਂ ਸੰਕੋਚ ਨਾ ਕੀਤਾ ।

ਐਹ ਲਿਖਣ ਤੋਂ ਮੇਰਾ ਭਾਵ ਮਰਦ ਨੂੰ ਨੀਵਾਂ ਦਿਖਾਣ ਤੋਂ ਬਿਲਕੁਲ ਨਹੀਂ, ਪਰ ਇਸਤਰੀ, ਜਿਹਨੂੰ ਜੁਗਾ-ਜੁਗਾਂਤਰਾਂ ਤੋਂ ਇਹਦੇ ਹੱਕ ਦੇਣ ਨੂੰ ਨਜ਼ਰ-ਅੰਦਾਜ਼ ਕਰਦਿਆਂ ਇਨਸਾਨ ਹੀ ਨਹੀਂ ਸਮਝਿਆ ਜਾਂਦਾ, ਉਹਨੂੰ ਬਰਾਬਰ ਦਾ ਸਾਥੀ ਦਰਸਾਉਣ ਤੋਂ ਜ਼ਰੂਰ ਹੈ ।

## ਨਿਯੁਕਤੀ ਦਾ ਸਵਾਗਤ

ਪਟਿਆਲਾ, (ਨਿਜੀ ਪੱਤਰ ਪ੍ਰੇਰਕ) - ਡਾ. ਭਗਤ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਦਾ ਦੂਜੀ ਵਾਰ ਵਾਈਸ ਚਾਂਸਲਰ ਨਿਯੁਕਤ ਕੀਤੇ ਜਾਣ ਦਾ ਵੱਖ ਵੱਖ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ ਤੇ ਆਸ ਪ੍ਰਗਟ ਕੀਤੀ ਹੈ ਕਿ ਇਨ੍ਹਾਂ ਦੀ ਅਗਵਾਈ ਵਿਚ ਯੂਨੀਵਰਸਿਟੀ 'ਵਿਚ ਅਕਾਦਮਕ ਮਾਹੌਲ ਨੂੰ ਪੂਰੀ ਸੁਰੱਖਿਆ ਤੇ ਵਿਕਾਸ ਪਦਾਨ ਕੀਤਾ ਜਾਵੇਗਾ ।


ਇਨਕਲਾਬੀ ਸ਼ਹੀਦਾਂ ਨੂੰ ਸ਼ਰਧਾਂਜਲੀ
ਇਪਾਨਾ ਵੱਲੋਂ
**ਸ਼ਹੀਦੀ ਦਿਵਸ**

ਨਿਊਵੈਸਟ ਤੋਂ ਬਾਅਦ ਕਲੀਅਰਬਰੁੱਕ ਵਿਚ ਇਪਾਨਾ ਵਲੋਂ
ਦੋ ਡਰਾਮੇ ਖੇਡੇ ਜਾਣਗੇ

20 ਅਪ੍ਰੈਲ, '86 — ਦਿਨ ਐਤਵਾਰ ਬਾਅਦ ਦੁਪਹਿਰ 3 ਵਜੇ
ਕਲੀਅਰਬਰੁੱਕ ਕਮਿਊਨਿਟੀ ਸੈਂਟਰ
2825 ਕਲੀਅਰਬਰੁੱਕ ਰੋਡ

ਟਿਕਟਾਂ ਕਰਤਾਰ ਫੂਡਜ਼ — ਕਲੀਅਰਬਰੁੱਕ ਅਮਰ ਫੂਡਜ਼ ਤੋਂ ਮਿਲ ਸਕਦੀਆਂ ਹਨ

"ਬਗਾਨੇ ਬੋਹੜ ਦੀ ਛਾਂ" —
ਲੇਖਕ ਅਜਮੇਰ ਔਲਖ
ਇਹ ਮਸ਼ਹੂਰ ਡਰਾਮਾ ਭਾਰਤ ਵਿਚ ਜਗ੍ਹਾ ਜਗ੍ਹਾ ਖੇਡਿਆ ਜਾ ਚੁੱਕਾ ਹੈ ।
ਡਰਾਮਿਆਂ ਤੋਂ ਇਲਾਵਾ ਗੀਤ-ਸੰਗੀਤ ਦਾ ਰੰਗਾਰੰਗ ਪਰੋਗਰਾਮ ਵੀ ਹੋਵੇਗਾ ।

ਟਿਕਟ : ਸਿਰਫ 4 ਡਾਲਰ/ਸੀਟ

ਹੋਰ ਜਾਣਕਾਰੀ ਲਈ ਫੋਨ ਕਰੋ : ਐਬਟਸਫੋਰਡ, ਮਿਸ਼ਨ —
ਤਰਲੋਚਨ ਬਰਾੜ — 826-2483 ਗੁਰਚਰਨ ਬਰਾੜ — 852-1092
ਦਲਜੀਤ ਗਿੱਲ — 852-3370
ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ)

ਪੰਨਾ 4 ਦੀ ਬਾਕੀ

ਜਾਂ

ਲੋਕਵਾਦੀ ਪ੍ਰਭਾਵ ਹੇਠ ਇਕ ਭਾਂਤ ਦਾ ਪ੍ਰਕ੍ਰਿਤੀ-ਚਿਤਰਨ ਜਹੂਰ 'ਚ ਆਇਆ —

ਅੰਬਾਂ ਨੂੰ ਪੈ ਗਿਆ ਬੂਰ ਵੇ ਹੋ,
ਟਾਹਣੀਆਂ ਝੂਰ ਝੂਰ ਵੇ ਹੋ
ਜਾਗ ਨੀ ਅੜੀਏ ਮੇਰੀ ਜਿੰਦੇ,
ਪੌਣ ਨੀ ਵੇਖ ਸੁਗੰਧੀ ਵੰਡੇ ।
(ਪ੍ਰਭਜੋਤ)

ਕਿਧਰੇ ਖੁਸ਼ਬੂਆਂ ਵੰਡੇਂਦੀ ਚੰਬੇਲੀ ਹੈ ਤੇ ਕਿਧਰੇ ਖਿੜੀ ਪਈ ਹੈ ਰਾਤ ਦੀ ਰਾਣੀ । ਨਰਗਸ ਦੇ ਪੁਸ਼ਪਾ ਨੇ 'ਯਾਰ ਦੀ ਅੱਖੀਆਂ' ਨੂੰ ਯਾਦ ਕਰਵਾ ਦਿਤਾ ਤੇ ਕਵੀ ਇੰਜ ਕੂਕ ਉਠਿਆ —

ਅੱਖੀਂ ਯਾਰ ਦੇ ਨਾਲ ਮਿਸਾਲ ਦਿੰਦੇ,
ਕਈ ਨਰਗਸ ਵੇਖ ਬੀਮਾਰ ਮੀਆਂ । (ਫਜ਼ਲ ਸ਼ਾਹ)

ਗੁਲਾਬ ਦਾ ਫੁੱਲ ਫੁੱਲਾਂ ਦਾ ਪਾਤਸ਼ਾਹ ਹੈ । ਇਸਨੇ ਬੁਲਬੁਲ ਨੂੰ ਕਲਪਾ ਦਿਤਾ, ਤੜਪਾ ਦਿੱਤਾ । ਉਹ ਬਉਰਿਆਂ ਵਾਂਗ ਉਸ ਵੱਲ ਧਰੂਹੀ ਗਈ ਤੇ ਬਰੂਹੀ ਗਈ, ਫੁੱਲ ਦੀ ਜੀਵਨ-ਲੰਬਾਈ ਇਕ ਸ਼ੱਬ ਹੈ । ਇਕ ਰਾਤ ਹੈ । ਪਰ ਉਸਦੀ ਯਾਦ ਅਭੁੱਲ ਬਣਕੇ ਆ ਉਭਰਦੀ ਹੈ । ਖਾਲੀ ਉਮਰਾਂ ਕੰਮ ਨਹੀਂ ਆਉਂਦੀਆਂ, ਗੁਣ — ਦੇਵੀ ਗੁਣ — ਕੰਮ ਆਉਂਦੇ ਹਨ —

ਥੋੜਾ ਰਹਿਣ ਕਬੂਲ ਪਿਆਰੇ, ਪਰ ਤੂੰ ਖਾਰ ਨ ਹੋਵੀਂ । (ਹਾਸ਼ਮ)

ਸਾਰਾ ਸੰਸਾਰ ਗਰਜਾਂ ਨਾਲ ਵੰਡਿਆ ਹੋਇਆ ਹੈ । ਟਾਵੇਂ ਟਾਵੇਂ ਨੇ ਜਿਹੜੇ 'ਦੁੱਖਾਂ ਦੇ ਮਹਿਰਮ ਨੇ' 'ਦੁੱਖਾਂ ਦੇ ਦਰਦੀ ਨੇ' ਵਿਖਾਵਾ ਵੱਧ ਹੈ ਹਮਦਰਦੀ ਘੱਟ ਹੈ ।

ਕਿਸੇ ਨੂੰ ਗੁਲਾਬ ਦੀ ਸੂਰਤ ਚੰਗੀ ਲੱਗੀ ਪਰ ਉਸਦੀ ਸੀਰਤ ਤੋਂ ਬੇਖਬਰ ਸੀ ਉਹ । ਉਸਨੇ ਉਸਨੂੰ ਤੋੜ ਲਿਆ, ਉਸਦੀ ਖੁਸ਼ਬੂ ਨੂੰ ਮਾਣਿਆ ਪਰ ਉਸਨੂੰ ਤਰੋੜਕੇ, ਮਰੋੜਕੇ, ਖਖੜੀ ਖਖੜੀ ਕਰਕੇ ਧਰਤ ਤੇ ਸੁੱਟ ਦਿਤਾ । ਇੰਜ ਹੀ ਲੋਕ ਨੇ ਉਹ ਜਿਹੜੇ ਸੁਗੰਧਤ ਸੁੰਦਰੀਆਂ ਨੂੰ ਭਰਮਾਂਦੇ ਨੇ ਪਰ ਪਿਆਰਦੇ ਕਿਸੇ ਨੂੰ ਵੀ ਨਹੀਂ —

ਫੁੱਲ ਫੁੱਲ ਤੇ ਭੌਰਿਆਂ ਵਾਂਗ ਫਿਰਨਾ
ਇਹਨਾਂ ਮਰਦਾਂ ਦਾ ਹੁੰਦਾ ਦਸਤੂਰ ਮੋਈਏ ।

— ਮੋਹਨ ਸਿੰਘ

ਬਸੰਤ ਰੁੱਤ ਫੁੱਲਾਂ ਦਾ ਸਮਾਂ ਹੈ, ਮਹਿਕਾਂ ਦੀ ਰੁੱਤ ਹੈ, ਪ੍ਰੇਮੀਆਂ ਦੀ ਮਸਤੀ ਦਾ ਸੀਜ਼ਨ ਹੈ । ਇਹ ਖੁਸ਼ੀਆਂ ਦੀ ਰੁੱਤ ਹੈ, ਮਲ੍ਹਾਰਾਂ ਦੀ ਰੁੱਤ ਹੈ । ਤੇ ਵੈਸਾਖੀ ਹੈ ਇਹਨਾ ਫੁੱਲਾਂ, ਮਸਤੀਆਂ, ਖੁਸ਼ੀਆਂ ਤੇ ਮਲ੍ਹਾਰਾਂ ਦੀ ਭੰਡਾਰਨ ।

ਪਰ ਇਹਨਾਂ ਫੁੱਲਾਂ, ਕਲੀਆਂ, ਹੁਸਨਾਂ ਤੇ ਹੁਸੀਨਾਂ ਦੀ ਦੁਨੀਆਂ ਤੇ ਵੱਖਰੀ ਇਕ ਹੋਰ ਦੁਨੀਆਂ ਵੀ ਹੈ ਜਿਹੜੀ ਵੈਸਾਖੀ ਦੇ ਤਿਉਹਾਰ ਨਾਲ ਜੁੜੀ ਹੋਈ ਹੈ । ਉਸ ਦੁਨੀਆਂ ਵਿਚ ਨੇ ਕਰਾਂਤੀ - ਭਰੀਆਂ ਘਟਨਾਵਾਂ, ਜੁਗ ਪਲਟਾਊ ਕਾਰਨਾਮੇ, ਇਨਕਲਾਬ ਦੇ ਫੁਟਦੇ ਲਾਵੇ, ਥੋਦੇ ਨਿਜ਼ਾਮ ਨੂੰ ਹੂੰਝਣ ਵਾਲੇ ਤੂਫਾਨ ਤੇ ਜਬਰ ਨੂੰ ਮਿਟਾਣ ਵਾਲੀਆਂ ਹਨੇਰੀਆਂ ।

ਹੈ ਹਿੰਦ ਫਲ ਫਾੜੀਆਂ ਵਾਲੇ
ਕਹਿੰਦੀ ਹਰ ਸਿਲ ਰੋਈ
(ਭਾਈ ਵੀਰ ਸਿੰਘ)

ਹਿੰਦ ਦਾ ਇਤਿਹਾਸ ਬੇਇਤਫਾਕੀ ਦਾ ਇਤਿਹਾਸ ਹੈ, ਸੂਰਬੀਰਾਂ ਤੇ ਕਾਇਰਤਾ ਦੀ ਹਿਸਟਰੀ ਹੈ, ਬੁਜ਼ਦਿਲਾਂ ਤੇ ਸੂਰਬੀਰਾਂ ਦੀ ਤਾਰੀਖ ਹੈ । ਇਹ ਸ਼ਹੀਦਾਂ ਦੀਆਂ ਗਾਥਾਵਾਂ ਨਾਲ ਅਟਿਆ ਪਿਆ ਹੈ । ਜ਼ਾਲਮਾਂ ਤੇ ਮਜ਼ਲੂਮਾਂ ਦੀ ਹਕਾਇਤ ਹੈ । ਕੁਰਬਾਨੀਆਂ, ਤਿਆਗਾਂ, ਸ਼ਹਾਦਤਾਂ ਦੀ ਅਭੁੱਲ ਪਰ ਲਹੂ ਲੁਹਾਣ ਬਿਰਤਾਂਤ ਹੈ । ਫੋਕੇ ਪਖੰਡਾਂ, ਜਜਰੇ ਮਜ਼ਹਬਾਂ, ਕੱਟੜਵਾਦ, ਵਿਖਾਵਾਵਾਦ ਦੀ ਘ੍ਰਿਣਾਮਈ ਤਸਵੀਰ ਹੈ ।

ਮੁਗਲਈ ਰਾਜ ਦੀ ਸਥਾਪਨਾ ਦਾ ਸੁਨਹਿਰਾ ਪਰ ਹੰਕਾਰਤਾ ਭਰਿਆ ਭਵਨ ਹਿੰਦਵਾਸੀਆਂ ਦੀ ਫੁੱਟ ਦੀ ਕਬਰ ਤੇ ਉਸਰਿਆ ਸੀ । ਇਸਦੇ ਫਲ ਰੂਪ ਉਹਨਾਂ ਨੂੰ ਅਨੇਕਾਂ ਸੰਕਟਾਂ ਦਾ ਸਾਹਮਣਾ ਕਰਨਾ ਪਿਆ । ਪੰਚਮ ਗੁਰੂ ਪਾਤਸ਼ਾਹ ਅਰਜਨ ਦੇਵ ਜੀ ਦੇ ਮਗਨ ਬਲੀਦਾਨ ਨੇ ਉਕਤ ਮੁਗਲਈ ਮਹਿਲ ਦੀ ਕੰਧ ਵਿਚ ਇਕ ਵਿਸ਼ਾਲ ਮੋਘਰਾ ਕਰ ਦਿਤਾ ਸੀ ਤੇ ਜਹਾਂਗੀਰ ਦੀ ਆਤਮਾ ਲਰਜ਼ਾ ਗਈ ਸੀ । ਭਾਵੇਂ ਉਹ ਸ਼ਰਾਬ ਤੇ ਸ਼ਬਾਬ ਦੇ ਮਖਮੂ ਸੰਸਾਰ ਦੀ ਬੰਦੀ ਬਣਿਆ ਰਿਹਾ ਪਰ ਹੁਣ ਤਾਂ ਮੁਗਲਈ ਰਾਜ ਦੇ ਅੰਤ ਦਾ ਅਰੰਭ ਹੋ ਗਿਆ ਸੀ ।

ਗਵਾਲੀਅਰ ਦੇ ਕਿਲੇ ਅੰਦਰ ਅਨੇਕਾਂ ਨਿਰਦੋਸ਼ੇ ਰਾਜੇ ਡੱਕੇ ਪਏ ਸਨ । ਉਹਨਾਂ ਦੀ ਸੰਖਿਆ 101 ਸੀ । ਗੁਰੂ ਹਰਿਗੋਬਿੰਦ ਜੀ ਨੂੰ ਵੀ ਉਸੇ ਕਿਲੇ ਵਿਚ ਡੱਕ ਦਿੱਤਾ ਗਿਆ । ਪਰ ਮੁਗਲਈ ਸਮਰਾਟ ਨੂੰ ਘਬਰਾਹਟ ਨੇ ਆਪਣੇ ਅਸਪਾਤੀ ਕਲਾਵੇ ਵਿਚ ਲੈ ਲਿਆ । ਉਸਦੀ ਚੈਨ ਉਡ ਗਿਆ । ਮਨ ਦੀ ਸ਼ਾਂਤੀ ਕਾਫੂਰ ਹੋ ਗਈ । ਉਸਨੂੰ ਅਹਿਸਾਸ ਹੋਇਆ "ਮੈਨੇ ਇਕ ਰੱਬ ਦੇ ਬੰਦੇ ਨੂੰ ਬੰਦੀ ਬਣਾਇਆ ਹੈ ਇਕ ਰੱਬਾਨੀ ਜੋਤ ਨੂੰ ਕੈਦ ਕੀਤਾ ਹੈ । ਮੇਰੇ ਤੇ ਖੁਦਾਈ ਕਹਿਰ ਨਾਜ਼ਲ ਹੋ ਜਾਵੇਗਾ ਜੇਕਰ ਮੈਨੇ ਉਹਨਾਂ ਨੂੰ ਬੰਦੀਖਾਨੇ ਵਿਚ ਡੱਕੀ ਰਖਿਆ ।" ਗੁਰੂ ਜੀ ਦੀ ਰਿਹਾਈ ਦੇ ਆਦੇਸ਼ ਸਾਦਰ ਹੋ ਗਏ । ਪਰ ਗੁਰੂ ਜੀ ਉਤਨੀ ਦੇਰ ਕਿਲੇ 'ਚ ਨਿਕਲਣ ਤੋਂ ਇਨਕਾਰ ਕੀਤਾ ਜਿਨਾ ਚਿਰ ਤੀਕਰ ਉਹ ਨਿਰਦੋਸ਼ੇ ਰਾਜੇ ਮੁਕਤ ਕੀਤੇ ਜਾਣ । ਅਖੀਰ ਵਿਚ ਗੁਰੂ ਜੀ ਨੇ 101 ਕਲੀਆਂ ਵਾਲਾ ਚੋਲਾ ਬਣਵਾਇਆ ਤੇ ਉਹਨਾਂ ਕਲੀਆਂ ਨੂੰ ਫੜਕੇ ਰਾਜਿਆਂ ਨੇ ਛੁਟਕਾਰਾ ਹਾਸਲ ਕੀਤਾ । ਇਸ ਤਰ੍ਹਾਂ ਗੁਰੂ 'ਪਾਤਸ਼ਾਹ ਨੇ 'ਬੰਦੀ ਛੋੜ' ਦਾ ਲਕਬ ਪ੍ਰਾਪਤ ਕੀਤਾ । ਅਜੋਕੇ ਜੁਗਾਂ ਅੰਦਰ ਅਨੇਕਾਂ ਦੇਸਾਂ ਦੇ ਜੇਲਖਾਨੇ ਆਜ਼ਾਦੀ ਦੇ ਪਰਵਾਨਿਆਂ ਨਾਲ ਭਰੇ ਪਏ ਨੇ । ਕਾਸ਼ ! ਕਿ ਛਟਮ ਗੁਰੂ ਪਾਤਸ਼ਾਹ ਮੁੜ ਸੰਸਾਰ ਤੇ ——— ਤੇ ਆ ਪ੍ਰਗਟ ਹੋਵੇ ਤੇ ਉਹਨਾਂ ਨੂੰ ਬੰਦੀਖਾਨਿਆਂ ਤੋਂ ਛੁਡਾਕੇ ਮੁੜ 'ਬੰਦੀ ਛੋੜ' ਦਾ ਲਕਬ ਗ੍ਰਹਿਣ ਕਰੇ !! ਇਹ ਮਹਾਨ ਘਟਨਾ ਵੈਸਾਖੀ ਦੇ ਪਵਿਤਰ ਤੇ ਪਾਵਨ ਤਿਉਹਾਰ ਦੇ ਅਵਸਰ ਤੇ ਜਹੂਰ 'ਚ ਆਈ ਸੀ ।

ਔਰੰਗਜ਼ੇਬ ਦਾ ਜ਼ਬਰਾਂ-ਭਰਿਆਂ ਰਾਜ ਸੀ । ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਤੇ ਅਦੀਮ-ਉਲ ਮਿਸਾਲ ਸ਼ਹਾਦਤ ਜਹੂਰ ਪਜ਼ੀਰ ਹੋਈ ਸੀ । ਸੰਸਾਰ ਤੇ ਸ਼ੋਕ ਦੇ ਘਣੇ ਬੱਦਲ ਛਾ ਗਏ ਪਰ ਦੇਵ ਲੋਕ ਵਿਚ ਜੈ ਜੈਕਾਰੇ ਦੇ ਡੰਕੇ ਵੱਜ ਗਏ ।

ਤੇਗ ਬਹਾਦਰ ਕੁ ਚਲਤ ਭਇਓ ਜਗਤ ਮੈਂ ਸ਼ੋਕ ।
ਹੈ ਹੈ ਸਬ ਜੱਗ ਭਇਓ ਜੈ ਜੈ ਸੁਰਲੋਕ ।

ਹੁਣ ਨਿਰਨੇ ਲੈਣ ਦਾ ਫੈਸਲਾ ਕੁਨ ਸਮਾਂ ਆ ਗਿਆ ਸੀ । ਕੀ ਭਾਰਤੀ ਸੰਸਕ੍ਰਿਤੀ ਨੂੰ ਮਿਟਾਉਣ ਦੀ ਆਗਿਆ ਦਿਤੀ ਜਾਵੇ ? ਕੀ ਭਾਰਤ ਦੇ ਸਵੈਮਾਨ ਨੂੰ ਮੁੜ ਜੀਵਾਲਿਆ ਜਾਵੇ ? ਉਤਰ 'ਚ ਗੈਬੀ ਆਵਾਜ਼ ਆਈ ; ਜਬਰ ਦਾ ਟਾਕਰਾ ਸੂਰਬੀਰਾਂ ਵਾਂਗ ਕਰੋ । ਭਾਰਤ ਦੇ ਮੱਥੇ ਤੇ ਲੱਗੇ ਹੋਏ ਕਲੰਕਾਂ ਨੂੰ ਧੋ ਮਾਰੋ । ਅਸਪਾਤੀ ਸੰਕਲਪ ਧਾਰੋ ਤੇ ਜ਼ਾਬਰ ਮੁਗਲਈ ਭਵਨ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੋ ।" ਸੋ ਇਸ ਵੰਗਾਰ ਨੂੰ ਕਬੂਲਣ ਦਾ ਵਾਹਦ ਤਰੀਕਾ ਸੀ । ਇਕ ਨਵਾਂ ਪੰਥ ਦੀ ਸਾਜਣਾ ਤਥਾ 'ਖਾਲਸਾ ਪੰਥ' ਦਾ ਨਿਰਮਾਣ ਕਰਨਾ । ਖੰਡੇਧਾਰ ਪਾਹੁਲ ਤਥਾ ਅੰਮ੍ਰਿਤ ਤਿਆਰ ਕੀਤਾ ਗਿਆ । ਮੁਰਦੀਆਂ ਆਤਮਾਵਾਂ ਮੁੜ ਜੀਵਤ ਹੋਈਆਂ । ਇਕ ਪੰਥ ਵਜੂਦ 'ਚ ਆਇਆ ਜਿਹੜਾ ਨਿਰਭਉ ਸੀ, ਨਿਰਵੈਰ ਸੀ । ਗੈਰਤ ਦਾ ਪਰਵਾਨਾ ਸੀ, ਅਣਖ ਖਾਤਰ ਸਭ ਕੁਝ ਨਿਛਾਵਰ ਕਰਨ ਵਾਲਾ ਸੀ, ਨਿਰਬਲਾਂ ਦਾ ਬਲ ਸੀ ਤੇ ਨਿਰਆਸਰਿਆਂ ਨੂੰ ਆਸਰਾ ਪਰਦਾਨ ਕਰਦਾ ਸੀ । ਮੁਗਲਈ ਸਾਸ਼ਨ ਨੂੰ ਉਸਨੇ ਲਰਜ਼ਾ ਕੇ ਰੱਖ ਦਿਤਾ ਤੇ ਉਸ ਪੁਰਾਣੇ ਤੋਂ ਥੋਦੇ, ਬੋਸੀਦੇ, ਜਜਰੇ ਨਿਜਾਮ ਦੇ ਭਵਨਾਂ ਦੀ ਨੀਂਹਾਂ ਹੂਲਣੀਆਂ ਗਈਆਂ । ਉਹ ਖਾਲਸਾ ਵਾਹਿਗੁਰੂ ਤਥਾ ਅਕਾਲ ਪੁਰਖ ਦੀ ਫੌਜ ਸੀ । ਫਤਹਿ ਵੀ ਵਾਹਿਗੁਰੂ ਜੀ ਦੀ ਹੀ ਹੁੰਦੀ ਸੀ — ਉਸ ਮਹਾਨ ਪੰਥ ਨੇ ਉਹ ਉਹ ਕਾਰਨਾਮੇ ਸਰਅੰਜਾਮ ਦਿਤੇ ਜਿਨ੍ਹਾਂ ਨੇ ਸੰਸਾਰ ਨੂੰ ਅਚੰਭਤ ਕਰਕੇ ਰੱਖ ਦਿਤਾ । ਉਸ ਖਾਲਸਾ ਪੰਥ ਦੇ ਲੱਛਣ ਖੁਦ ਦਸਮ ਗੁਰੂ ਪਾਤਸ਼ਾਹ ਨੇ ਇਉਂ ਦੱਸੇ ਹਨ —

ਖਾਲਸਾ

ਜਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾਂ ਮਨ ਨੈਪ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈਂ ਤਬ, ਖਾਲਸਾ ਤਾਹਿ ਨਿਖਾਲਸ ਜਾਨੈ ॥

ਉਹ ਕੇਵਲ ਸਰਬ-ਕਲਾ ਸੰਪੂਰਨ ਪ੍ਰਭੂ ਦੀ ਉਪਾਸਨਾ ਕਰਦੇ ਸਨ ਤੇ ਉਸਦੇ ਅਚੁੱਲ ਵਿਸ਼ਵਾਸ਼ ਰਖਦੇ ਹਨ । ਨ ਕਬਰਾਂ ਪੂਜਦੇ ਸਨ ਨਾ ਮੜੀਆਂ, ਨ ਮੱਠ-ਭੁੱਲ ਕੇ ਵੀ ਨਹੀਂ ਸਨ ਪੂਜਦੇ । ਉਹਨਾਂ ਦਾ ਕਰਤੱਵ ਸੀ — ਤੀਰਥਾਂ ਦਾ ਸ਼ੁੱਧ ਅੰਤਰਕਰਣ ਨਾਲ ਅਸ਼ਨਾਨ ਕਰਨ, ਦਾਨ ਦੇਣਾ, ਦਇਆ ਕਰਨੀ ਆਦਿ । ਉਹ ਉਸ ਸੰਪੂਰਨ ਪ੍ਰਭੂ ਦੀ ਜਗਮਗ ਕਰਦੀ ਜੋਤ ਨੂੰ ਮਨ 'ਚ ਵਸਾਂਦੇ ਸਨ । ਏਹੋ ਜਿਹਾ ਸੀ ਮਲ ਰਹਿਤ ਤੇ ਸ਼ੁੱਧ ਖਾਲਸਾ ਪੰਥ ।

ਗੁਰੂ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਪਾਹੁਲ ਛਕਾਇਆ ਫੇਰ ਉਹਨਾਂ ਤੋਂ ਖੁਦ ਛਕਿਆ ਅਤੇ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਦੀ ਪਵਿਤਰ ਪ੍ਰਥਾ ਨੂੰ ਕਾਇਮ ਕੀਤਾ ।

ਖਾਲਸਾ ਪੰਥ ਦੀ ਸਾਜਣਾ ਨੇ ਭਾਰਤੀਆਂ ਦੀ ਕਾਇਆ ਕਲਪ ਕਰਕੇ ਰੱਖ ਦਿੱਤੀ । ਹੁਣ ਕਾਇਰਤਾ ਕਾਫੂਰ ਹੋ ਗਈ ਸੀ । ਭਾਰਤੀਆਂ ਦੀਆਂ ਨਸਾਂ ਵਿਚ ਜੰਮਿਆ ਹੋਇਆ ਖੂਨ ਖੌਲਣ ਲਗ ਪਿਆ ਸੀ । ਇਕ ਨਿਧੜਕ ਨਿਝਿਜਕ ਨਿਡਰ ਪੰਥ ਦੀ ਸਾਜਣਾ ਨੇ ਔਰੰਗਜ਼ੇਬ ਦੇ ਹਵਾਈ ਸੰਕਲਪ ਨੂੰ । ਉਹ ਹਿੰਦ ਨੂੰ ਦਾਰ-ਉਲ-ਇਸਲਾਮ ਬਨਾਉਣਾ ਚਾਹੁੰਦੇ ਸਨ । ਮਿੱਟੀ 'ਚ ਮਿਲਾ ਦਿਤਾ । ਉਸਦੀ One Nation Theory ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ । ਉਸਦੇ ਕੱਟੜਵਾਦ, ਫਿਰਕਾਵਾਦ, ਸਾਮਰਾਜਵਾਦ ਦੇ ਅਕੀਦੇ ਦੇ ਪਰਖਚੇ ਉਡ ਗਏ । ਇਸ ਇਨਕਲਾਬੀ ਘਟਨਾ ਤਥਾ ਖਾਲਸਾ ਪੰਥ ਦਾ ਨਿਰਮਾਣ ਵੈਸਾਖੀ ਦੇ ਭਾਵੀਆਂ — ਭਰੇ ਸ਼ੁਭ ਦਿਹਾੜੇ ਹੋਇਆ ਸੀ ।

ਵੈਸਾਖੀ ਦੇ ਪਾਵਨ-ਦਿਹਾੜੇ ਹੀ ਇਕ ਹੋਰ ਦੁਖਾਂਤਮਈ ਘਟਨਾ ਵਾਪਰੀ ਸੀ । ਪਹਿਲੇ ਸੰਸਾਰ ਯੁੱਧ 1914-18 ਦੇ ਦੌਰਾਨ ਹਿੰਦੀਆਂ ਨੇ ਬਰਤਾਨੀਆਂ ਦੀ ਬੇਪਨਾਹ ਮਦਦ ਕੀਤੀ ਸੀ । ਭਖਦੀ ਜਵਾਨੀਆਂ ਨੂੰ ਮਾਨਣ ਵਾਲੇ ਗੱਭਰੂਆਂ ਨੂੰ ਯੁੱਧ ਦੀ ਵੇਦੀ ਤੇ ਨਿਛਾਵਰ ਕੀਤਾ । ਸੂਹੇ ਚੂੜੇ ਭੱਜ ਗਏ । ਸੁਰਖ ਫੁਲਕਾਰੀ ਲੀਰੋ ਲੀਰ ਹੋ ਗਈਆਂ । ਸੋਨੇ ਤੇ ਚਾਂਦੀ ਦੇ ਅੰਬਾਰ ਭੇਂਟ ਕੀਤੇ । ਖਿਆਲ ਸੀ ਕਿ ਯੁੱਧ ਦੀ ਸਮਾਪਤੀ ਦੇ ਉਪਰੰਤ ਹਿੰਦੀਆਂ ਦੀਆਂ ਗੁਲਾਮੀ ਦੀਆਂ ਕੜੀਆਂ ਟੁੱਟ ਜਾਣਗੀਆਂ । ਉਹਨਾਂ ਨੂੰ Home Rule ਪ੍ਰਾਪਤ ਹੋਵੇਗਾ । ਪਰ Home Rule ਦੀ ਥਾਂ **Rome Rule** ਹਾਸਲ ਹੋਇਆ । ਥਾਂ ਥਾਂ ਦਮਨ ਨੀਤੀ ਦਾ ਚੱਕਰ ਚਲਾਇਆ ਗਿਆ । ਆਪਣੇ ਮੁਤਾਲਬਿਆਂ ਨੂੰ ਮੰਗਣ ਲਈ ਪੰਜਾਬ ਰਾਜ ਦੇ ਪਾਵਨ ਸ਼ਹਿਰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਇਕ ਪੁਰਅਮਨ ਜਲਸਾ ਹੋਇਆ । ਪਰ ਗੁਲਾਮਾਂ ਨੂੰ ਨਾ ਹੀ ਬੋਲਣ ਦੀ ਅਨੁਮਤੀ ਹੁੰਦੀ ਹੈ ਤੇ ਨਾ ਹੀ ਤੜਪਣ ਦੀ । ਸਯਾਦ ਤਥਾ ਸ਼ਿਕਾਰੀ ਦੀ ਅਭਿਲਾਸ਼ਾ ਹੁੰਦੀ ਹੈ ਕਿ ਗੁਲਾਮੀ ਦੇ ਪਿੰਜਰੇ ਵਿਚ ਡੱਕਿਆ ਹੋਇਆ ਪੰਛੀ ਘੁੱਟਕੇ ਮਰ ਜਾਵੇ —

ਨ ਬੋਲਣੇ ਕੀ ਇਜਾਜ਼ਤ ਹੈ ਨ ਤੜਪਣੇ ਕੀ
ਘੁੱਟ ਕੇ ਮਰ ਜਾਉ ਯਿਹ ਮਰਜੀ ਹੈ ਮੇਰੇ ਸਯਾਦ ਕੀ ।

ਨਿਹੱਥੇ ਨਰ ਨਾਰੀਆਂ, ਬੱਚੇ ਬੱਚਿਆਂ ਦੇ ਜਲਸੇ ਤੇ ਗੋਲੀਆਂ ਦਾਗ ਦਿੱਤੀਆਂ ਗਈਆਂ । ਬੇਪਨਾਹ ਤਸ਼ੱਦਦ ਹੋਇਆ ਸੰਸਾਰ ਦੀ ਆਤਮਾ ਪੰਘਰ ਗਈ ਪਰ ਫਰੰਗੀ ਦਾ ਮਨ ਨਾ ਪੰਗਰਿਆ । ਸੈਂਕੜੇ ਆਜ਼ਾਦੀ ਦੀ ਕੁਰਬਾਨਗਾਹ ਦੇ ਭੇਂਟ ਹੋ ਗਏ । ਇਹ ਹੋਣੀਆਂ ਭਰਿਆ ਸਾਕਾ ਵੀ ਵੈਸਾਖੀ ਦੇ ਦਿਹਾੜੇ ਹੀ ਜਹੂਰ 'ਚ ਆਇਆ ਸੀ ।

ਅੱਜ ਅਸੀਂ ਪਵਿਤਰ ਦਿਹਾੜੇ ਨੂੰ ਆਪਣੇ ਪੁਰਾਣੇ ਵਿਰਸੇ ਦੇ ਸੰਦਰਭ 'ਚ ਮਨਾਂਦੇ ਹਾਂ । ਪਰ ਹਿੰਦ ਦੇ ਅਕਾਸ਼ ਤੇ ਅਜੇ ਵੀ ਨਿਰਮਲ ਨਹੀਂ ਹਨ । ਸੰਸਾਰ 'ਚ ਖੂਨ ਦੀਆਂ ਨਦੀਆਂ ਵਹਿ ਰਹੀਆਂ ਹਨ । ਕਿਤੇ ਜਾਤ ਦੀ ਉਚਤਾ ਦੇ ਕਾਰਨ ਕਿਤੇ ਸਾਮਰਾਜਾਂ ਦੀ ਪਰਸਪਰ ਖਿਚੋਤਾਣ ਦੇ ਕਾਰਨ ।

ਸ਼ਾਂਲਾ ! ਕਿ ਇਹ ਪਾਵਨ ਵੈਸਾਖੀ ਦਾ ਤਿਉਹਾਰ ਅਮਨ ਦਾ ਮਸੀਹਾ ਹੋ ਕੇ ਨਿਬੜੇ ਤੇ ਵਿਲਕਦੀ ਲੋਕਾਈ ਸੁੱਖ ਤੇ ਚੈਨ ਦਾ ਜੀਵਨ ਬਤੀਤ ਕਰ ਸਕੇ । ਆਮੀਨ !


## ਵਿਕਾਊ ਹੈ

**ਬੈੱਡ ਰੂਮ ਸੁਈਟ ਪੂਰੀ, ਸੋਫਾ, ਡਾਈਨਿੰਗ ਟੇਬਲ, — 500 ਸੌ ਡਾਲਰ ਵਿਚ**

**ਕਾਰ — 75 - Malta — $1100**

**ਕੌਫੀ ਟੇਬਲ — ਦੋ ਟੇਬਲ $15.00**

**ਇਕ ਸੀਉਣ ਵਾਲੀ ਮਸ਼ੀਨ**

**ਹੋਰ ਜਾਣਕਾਰੀ ਲਈ ਫੋਨ :—**

**327-7897**



## ਕੰਨਿਆ ਦੀ ਲੋੜ

ਇਕ 32 ਸਾਲਾ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ । ਲੜਕਾ ਕੰਮ ਤੇ ਲੱਗਾ ਹੋਇਆ ਹੈ ਤੇ 16 ਡਾਲਰ ਘੰਟੇ ਦੇ ਲੈਂਦਾ ਹੈ । ਲੜਕਾ ਕੈਨੇਡੀਅਨ ਸਿਟੀਜ਼ਨ ਹੈ ਤੇ ਜੱਟ ਸਿੱਖ ਪਰਵਾਰ ਨਾਲ ਸਬੰਧਤ ਹੈ । ਤੇ ਕਲੀਨ-ਸ਼ੇਵਨ ਹੈ । ਲੜਕੀ ਇੰਮੀਗਰੈਂਟ ਜਾਂ ਸਿਟੀਜ਼ਨ ਹੋਵੇ । ਲੜਕਾ ਤਲਾਕਸ਼ੁਦਾ ਹੈ । ਹੋਰ ਜਾਣਕਾਰੀ ਲਈ ਲਿਖੋ

J.S.P.
C/o Canada Darpan
P.O.BOX 67344 Stn. 0
Vancouver, B.C.



## ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇੰਮੀਗਰੈਂਟ ਲੜਕੀ ਦੀ ਲੋੜ ਹੈ । ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

**S.P.**
**C/0 CANADA DARPAN**
**P.O.BOX 67344 Stn. O**
**Vancouver, B.C. V5W 3T1**



## ਮੈਟਰੀਮੋਨੀਅਲ

**ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ ।**

**ਲੜਕੀ ਦਾ ਕੱਦ 5 ਫੁੱਟ 6 ਇੰਚ ਹੈ । ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ । ਨਾਲ ਕੰਮ ਵੀ ਕਰਦੀ ਹੈ ।**

**ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ । ਲੜਕੇ ਦਾ ਕੱਦ 5 ਫੁੱਟ 8 ਇੰਚ ਹੈ । ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ । ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ । ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ । ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ । ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ । ਖਤ ਲਿਖੋ :**

**A S C**
**C/0 Canada Darpan**
**Box 67344 Stn. 0**
**Vancouver, B.C. V5W 3T1**



## ਵਰ ਦੀ ਲੋੜ

ਇਕ 21 ਸਾਲਾ ਲੜਕੀ ਲਈ ਕੰਮ ਤੇ ਲੱਗੇ ਹੋਏ ਲੜਕੇ ਦੀ ਲੋੜ ਹੈ । ਲੜਕੀ ਕੰਮ ਕਰਦੀ ਹੈ ਅਤੇ ਇੰਡੀਆਂ ਦੀਆਂ ਦਸ ਜਮਾਤਾਂ ਪਾਸ ਹੈ ਅਤੇ ਕੈਨੇਡਾ ਆ ਕੇ ਵੀ 2-3 ਸਾਲ ਪੜ੍ਹਾਈ ਨੂੰ ਲਾਏ ਹਨ । ਹੋਰ ਜਾਣਕਾਰੀ ਫੋਨ ਤੇ ਜਾਂ ਚਿੱਠੀ ਪੱਤਰ ਕਰਕੇ ਪਤਾ ਕਰ ਸਕਦੇ ਹੋ ।

**K.S.**
**C/o Canada Darpan**
**P.O.BOX 67344 Stn. 0**
**Vancouver, B.C. V5W 3T1**



## ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Canadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ । ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1


ਚਿੱਟੀਆਂ ਚੋਟੀਆਂ ਲਿਫ ਲਿਫ ਚੁੰਮਣ ਭੇਟਦੀਆਂ,
ਕਾਲਾ ਬੱਦਲ ਜਦੋਂ ਵੀ ਕਦੇ ਵਿਗੜਦਾ ਹੈ ।

ਇਕ ਅਮਰੀਕਾ ਦੇ ਖੇੜੇ ਨੂੰ ਕੀ ਕਰੀਏ,
ਸਾਰਾ ਅਫਰੀਕਾ ਤਾਂ ਰੋਜ਼ ਉਜੜਦਾ ਹੈ ।

ਮਹਿਕ ਫੈਲਦੀ ਜਾਂਦੀ ਤਦੋਂ ਹਵਾਵਾਂ ਵਿਚ,
'ਮਰਦ ਮੰਡੇਲਾ' ਜਿਉਂ ਜਿਉਂ ਜੇਲ੍ਹੀਂ ਸੜਦਾ ਹੈ ।

# ਜਲ੍ਹਿਆਂਵਾਲੇ ਬਾਗ ਦਾ ਸੰਦੇਸ਼

'ਸੂਫੀ' ਅਮਰਜੀਤ

ਭਾਰਤ ਦਾ ਕੋਈ ਅਜਿਹਾ ਇਨਸਾਨ ਨਹੀਂ ਹੋਵੇਗਾ ਜਿਸ ਨੇ ਕਦੇ ਜਲ੍ਹਿਆਂਵਾਲੇ ਬਾਗ ਦਾ ਨਾਂ ਨਾ ਸੁਣਿਆ ਹੋਵੇਗਾ। ਇਸ ਦਾ ਕਾਰਨ ਇਹ ਹੈ ਕਿ ਜਲ੍ਹਿਆਂਵਾਲਾ ਬਾਗ ਭਾਰਤੀ ਲੋਕਾਂ ਦੀਆਂ ਭਾਵਨਾਵਾਂ ਅਤੇ ਭਾਰਤੀ ਇਤਿਹਾਸ ਨਾਲ ਇਸ ਤਰ੍ਹਾਂ ਜੁੜ ਗਿਆ ਹੈ ਕਿ ਉਹ ਸਦੀਆਂ ਹੀ ਧਰਮ ਨਿਰਪੇਖ ਏਕਤਾ ਉਸਾਰਨ ਲਈ ਪਰੇਰਨਾ ਦਿੰਦਾ ਹੈ ਕਿਉਂਕਿ ਜਲ੍ਹਿਆਂਵਾਲੇ ਬਾਗ ਦੀ ਮਹਾਨ ਧਰਤੀ ਉਪਰ ਹਿੰਦੂ, ਸਿੱਖ, ਮੁਸਲਮਾਨਾਂ ਅਤੇ ਇਸਾਈਆਂ ਦਾ ਸਾਂਝਾ ਬੇਗੁਨਾਹ ਲਹੂ ਡੁਲ੍ਹਿਆ ਹੈ। ਇਹ ਲਹੂ ਸਿੱਧਾ ਸਾਮਰਾਜ ਬਰਤਾਨੀਆਂ ਦੀਆਂ ਗੋਲੀਆਂ ਦੇ ਨਿਹੱਥੇ ਲੋਕਾਂ ਉਪਰ ਬੇਰਹਿਮਾਨਾ ਢੰਗ ਨਾਲ ਵਰ੍ਹਨ ਕਾਰਨ ਡੁਲ੍ਹਿਆ। ਏਹੋ ਕਾਰਨ ਹੈ ਕਿ ਭਾਰਤੀ ਲੋਕਾਂ ਦੇ ਮਨਾਂ ਵਿਚੋਂ ਕਦੇ ਵੀ ਸਾਮਰਾਜ ਵਿਰੁਧ ਘਿਰਣਾ ਧੋਤੀ ਨਹੀਂ ਜਾ ਸਕਦੀ। ਇਹ ਭਾਵੇਂ ਉਸ ਸਮੇਂ ਦਾ ਬਰਤਾਨਵੀ ਸਾਮਰਾਜ ਹੋਵੇ ਜਾਂ ਅੱਜ ਦੇ ਸਮੇਂ ਦਾ ਅਮਰੀਕੀ ਸਾਮਰਾਜ ਹੈ। ਸਾਮਰਾਜ ਕਿਸੇ ਸਮੇਂ ਦਾ ਵੀ ਹੋਵੇ ਉਸ ਦਾ ਖਾਸਾ ਲੋਕ ਵਿਰੋਧੀ ਅਤੇ ਲੋਕਾਂ ਦੀ ਮਿਹਨਤ ਦੀ ਲੁਟ ਉਪਰ ਨਿਰਭਰ ਕਰਦਾ ਹੋਇਆ ਲੋਕਾਂ ਨੂੰ ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਗੁਲਾਮੀ ਵਿਚ ਜਕੜਦਾ ਹੈ।

ਅੱਜ ਸਾਡੇ ਦੇਸ਼ ਨੂੰ ਅਗੇ ਵਧਣ ਤੋਂ ਰੋਕਣ ਲਈ ਉਸਦੇ ਰਾਹ ਵਿਚ ਫਿਰਕਾਪ੍ਰਸਤੀ ਦੇ, ਨਫਰਤ ਦੇ ਕੰਡੇ ਖਿਡਾਏ ਜਾ ਰਹੇ ਹਨ। ਲੋਕਾਂ ਦੀ ਮਿਹਨਤ ਦੀ ਲੁੱਟ ਕਰਕੇ ਗਰੀਬੀ ਦੀ ਖੱਡ ਵਿਚ ਸੁਟਿਆ ਜਾ ਰਿਹਾ ਹੈ। ਇਸ ਲੁੱਟ ਕਰਨ ਵਾਲੀਆਂ ਭਾਵੇਂ ਭਾਰਤ ਦੀਆਂ ਹੀ ਇਜਾਰੇਦਾਰੀਆਂ ਹੋਣ ਤੇ ਭਾਵੇਂ ਬਦੇਸ਼ੀ ਸਾਮਰਾਜ ਨਾਲ ਸਾਂਝ ਭਿਆਲੀ ਵਾਲੀਆਂ ਕੰਪਨੀਆਂ ਹੋਣ।

ਭਾਰਤ ਦੀਆਂ ਲੋਟੂ ਹਾਕਮ ਜਮਾਤਾਂ ਅਤੇ ਸਾਮਰਾਜ ਦੋਵੇਂ ਮਿਲਕੇ ਅੱਜ ਜੋ ਖੂਨੀ ਖੇਡ ਖੇਡ ਰਹੇ ਹਨ, ਉਹ ਹੈ ਭਾਰਤ ਦੇ ਲੋਕਾਂ ਨੂੰ ਧਰਮ ਦੇ ਆਧਾਰ ਉਤੇ, ਬੋਲੀ ਦੇ ਆਧਾਰ ਉਪਰ, ਸਭਿਆਚਾਰਕ ਪਛੜੇਵੇਂ ਦਾ ਲਾਭ ਉਠਾਂਦਿਆਂ ਉਨ੍ਹਾਂ ਦੀ ਅਗਿਆਨਤਾ ਕਾਰਨ ਆਪਸ ਵਿਚ ਲੜਾ ਰਹੇ ਹਨ।

ਅੱਜ ਸਾਡੀਆਂ ਅੱਖਾਂ ਦੇ ਸਾਹਮਣੇ ਜਲ੍ਹਿਆਂਵਾਲੇ ਬਾਗ ਦੀ ਮਹਾਨ ਧਰਤੀ ਉਤੇ ਬੇਗੁਨਾਹ ਲੋਕਾਂ ਦਾ ਖੂਨ ਡੁਲ੍ਹ ਰਿਹਾ ਹੈ। ਹਿੰਦੂਆਂ ਸਿੱਖਾਂ ਵਿਚਕਾਰ ਨਫਰਤ ਦੀ ਦੀਵਾਰ ਉਸਾਰਨ ਦੇ ਯਤਨ ਜਾਰੀ ਹਨ। ਕਿਸੇ ਦੂਸਰੇ ਥਾਂ ਉਪਰ ਆਮ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇਹੋ ਕੁਝ ਕਰਵਾਇਆ ਜਾ ਰਿਹਾ ਹੈ। ਇਹ ਕੁਝ ਸਾਮਰਾਜੀ ਏਜੰਸੀਆਂ ਅਤੇ ਭਾਰਤ ਦੀਆਂ ਹਾਕਮ ਜਮਾਤਾਂ ਵਿਉਂਤਬੰਦ ਢੰਗ ਨਾਲ ਕਰਵਾ ਰਹੀਆਂ ਹਨ।

ਪ੍ਰੰਤੂ ਇਨ੍ਹਾਂ ਕਾਲੀਆਂ ਸ਼ਕਤੀਆਂ ਨੂੰ ਹਾਰ ਦੇਣ ਲਈ ਲੋਕ ਜਮਹੂਰੀ ਸ਼ਕਤੀਆਂ ਵੀ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਹਨ, ਜਿਨ੍ਹਾਂ ਵਿਚ ਮਾਰਕਸੀ ਪਾਰਟੀ ਇਕ ਵੱਡੀ ਖੱਬੀ ਪਾਰਟੀ ਹੋਣ ਦੇ ਨਾਤੇ ਸਭ ਤੋਂ ਅੱਗੇ ਹੈ। ਉਨ੍ਹਾਂ ਮਾਰਚ ਵਿਚ ਪੰਜਾਬ ਦੇ ਪਿੰਡ ਪਿੰਡ ਮੀਟਿੰਗਾਂ, ਜਲਸੇ ਅਤੇ ਇਕੱਠ ਕੀਤੇ। ਜਿਨ੍ਹਾਂ ਵਿਚ ਸਾਮਰਾਜ ਵਲੋਂ ਭਾਰਤ ਦੇ ਟੁਕੜੇ ਟੁਕੜੇ ਕਰਨ ਦੇ ਮਨਸੂਬਿਆਂ ਨੂੰ ਨੰਗਾ ਕੀਤਾ ਜੋ ਪੰਜਾਬ ਦੇ ਲੋਕਾਂ ਨੂੰ ਆਪਸ ਵਿਚ ਧਰਮ ਦੇ ਆਧਾਰ ਉਪਰ ਲੜਾਉਣ ਲਈ ਅਤਿਵਾਦੀਆਂ, ਵੱਖਵਾਦੀਆਂ ਅਤੇ ਹੋਰ ਲੋਕ ਵਿਰੋਧੀ ਤੱਤਾਂ ਨੂੰ ਵਰਤ ਰਹੇ ਹਨ ਪ੍ਰੰਤੂ ਪੰਜਾਬ ਦੇ ਲੋਕ ਖਾਸ ਕਰਕੇ ਅਤੇ ਭਾਰਤ ਦੇ ਲੋਕ ਆਮ ਕਰਕੇ ਹਾਲੇ ਤੱਕ ਫੁੱਟ ਪਾਊਆਂ ਦੀਆਂ ਲੀਹਾਂ ਉਪਰ ਨਹੀਂ ਤੁਰੇ, ਜਿਸ ਦਾ ਕਾਰਨ ਲੋਕਾਂ ਦੀਆਂ ਭਾਈਚਾਰਕ ਪ੍ਰੰਪਰਾਵਾਂ ਅਤੇ ਜਲ੍ਹਿਆਂਵਾਲੇ ਬਾਗ ਦੇ ਤੇ ਹੋਰ ਸ਼ਹੀਦਾਂ ਦੀਆਂ ਸ਼ਹਾਦਤਾਂ ਦੀਆਂ ਹਪਰੇਰਨਾਵਾਂ ਵੀ ਹਨ, ਜੋ ਆਪਸੀ ਸਾਂਝਾਂ ਨੂੰ ਪੱਕਿਆਂ ਕਰਨ ਲਈ ਇਕ ਸ਼ਕਤੀਸ਼ਾਲੀ ਵਿਰਸਾ ਹੈ, ਜਿਸਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।

ਜਿਹੜੇ ਲੋਕ ਭਾਰਤ ਦੀ ਹਕੂਮਤ ਨੂੰ ਹਿੰਦੂ ਰਾਜ ਕਹਿ ਰਹੇ ਹਨ, ਉਹ ਲੋਕ ਭਾਰਤੀ ਲੋਕਾਂ ਦੀਆਂ ਅੱਖਾਂ ਅਗਿਉਂ ਅਸਲੀ ਲੁਟੇਰਿਆਂ ਨੂੰ ਲੁਕਾਉਣ ਵਿਚ ਮਦਦ ਕਰ ਰਹੇ ਹਨ। ਭਾਰਤ ਵਿਚ ਜੋ ਰਾਜ ਹੈ ਉਹ ਭਾਰਤ ਦੇ ਜਾਗੀਰਦਾਰਾਂ ਦੇ ਹਿਤਾਂ ਨੂੰ ਪੂਰਦਾ ਹੈ। ਉਨ੍ਹਾਂ ਦੀ ਬੇਜ਼ਮੀਨੇ ਕਿਸਾਨਾਂ ਦੇ ਖਾੜਕੂ ਘੋਲਾਂ ਤੋਂ ਰਾਖੀ ਕਰਦਾ ਹੈ। ਜਾਗੀਰਦਾਰ ਭਾਵੇਂ ਹਿੰਦੂ ਹੈ, ਭਾਵੇਂ ਸਿੱਖ ਅਤੇ ਭਾਵੇਂ ਮੁਸਲਮਾਨ ਹੈ, ਭਾਰਤੀ ਰਾਜ ਭਾਰਤ ਦੇ ਸਰਮਾਏਦਾਰਾਂ ਦਾ ਰਾਜ ਹੈ ਜਿਨ੍ਹਾਂ ਪਿਛਲੇ 40 ਸਾਲਾਂ ਵਿਚ ਲੋਕਾਂ ਦੀ ਮਿਹਨਤ ਨੂੰ ਲੁਟ ਕੇ, ਮੋਟੇ ਮੁਨਾਫੇ ਕਮਾ ਕੇ ਆਪਣੇ ਆਪ ਨੂੰ ਮਾਲਾ ਮਾਲ ਕੀਤਾ ਹੈ। ਅਤੇ ਭਾਰਤ ਦੇ ਮਿਹਨਤੀ ਮਜ਼ਦੂਰ ਕਿਸਾਨ ਅਤੇ ਹੋਰ ਮਿਹਨਤਕਸ਼ ਮੁਲਾਜ਼ਮਾਂ ਨੂੰ ਆਰਥਿਕ ਮੁਸ਼ਕਲਾਂ ਦੀ ਚੱਕੀ ਵਿਚ ਸੁਟਿਆ। ਇਸ ਭਾਰਤੀ ਰਾਜ ਦੀ ਬਾਗਡੋਰ ਭਾਰਤ ਦੀ ਵੱਡੀ ਸਰਮਾਏਦਾਰੀ ਦੇ ਹੱਥਾਂ ਵਿਚ ਹੈ, ਜਿਵੇਂ ਵਿਰਲੇ, ਟਾਟੇ, ਡਾਲਮੀਏ ਆਦਿ ਹਨ। ਭਾਰਤੀ ਹਕੂਮਤ ਦੇ ਵਜ਼ੀਰ ਅਤੇ ਹਾਕਮ ਪਾਰਟੀ ਦੇ ਐਮ. ਪੀ. ਅਤੇ ਹੋਰਨਾਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਜਿਵੇਂ ਭਾਰਤੀ ਜਨਤਾ ਪਾਰਟੀ ਦਰਾਵੜ ਮੁਨੇਤਰ ਕੜਗਮ ਆਦਿ ਦੇ ਮੈਂਬਰ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਸਹਾਇਤਾ ਨਾਲ ਉਨ੍ਹਾਂ ਦੇ ਆਰਥਕ ਹਿਤਾਂ ਦੀ ਰਾਖੀ ਕਰਨ ਲਈ ਜਿੱਤੇ ਹਨ। ਦੂਜੇ ਪਾਸੇ ਸੀ. ਪੀ. ਆਈ. ਐਮ., ਸੀ. ਪੀ. ਆਈ. ਫਾਰਵਰਡ ਬਲਾਕ ਆਦਿ ਪਾਰਟੀਆਂ ਦੇ ਨੁਮਾਇੰਦੇ ਲੋਕਾਂ ਦੇ ਹਿਤਾਂ ਲਈ ਲੜਦੇ ਅਤੇ ਆਵਾਜ਼ ਉਠਾਉਂਦੇ ਹਨ। ਇਸ ਲਈ ਭਾਰਤੀ ਰਾਜ ਨੂੰ ਹਿੰਦੂ ਰਾਜ ਕਹਿਣਾ ਅਤੇ ਸਮਝਣਾ ਉਨ੍ਹਾਂ ਲੋਕਾਂ ਨੂੰ ਗਲਤ ਰਸਤੇ ਪਾਉਂਦਾ ਹੈ, ਜਿਨ੍ਹਾਂ ਦੀ ਰਾਜਸੀ ਸੂਝ ਚੇਤੰਨ ਨਹੀਂ ਹੁੰਦੀ, ਉਹ ਆਮ ਹਿੰਦੂ ਨੂੰ ਹੀ ਹਾਕਮ ਹਿੰਦੂ ਸਮਝਣ ਲਗਦਾ ਹੈ, ਜੋ ਕਿ ਆਪ ਹੋਰਨਾਂ ਲੋਕਾਂ ਵਾਂਗ ਹੀ ਹਕੂਮਤ ਦੀਆਂ ਲੋਕ ਵਿਰੋਧੀ ਪਾਲਸੀਆਂ ਦੇ ਕਾਰਨ ਦੁੱਖ ਭੋਗ ਰਿਹਾ ਹੈ। ਏਸੇ ਗਲਤ ਧਾਰਨਾ ਨੂੰ ਲੈ ਕੇ ਅਨ੍ਹੇਵਾਹ ਬੇਗੁਨਾਹ ਹਿੰਦੂਆਂ ਦਾ ਕਤਲ ਕਰਨਾ ਕਿਸੇ ਤਰ੍ਹਾਂ ਵੀ ਦਰੁਸਤ ਨਹੀਂ ਹੈ।

ਜਲ੍ਹਿਆਂਵਾਲਾ ਬਾਗ ਅੱਜ ਸਾਨੂੰ ਸੰਦੇਸ਼ ਦੇ ਰਿਹਾ ਹੈ ਕਿ ਆਪਸੀ ਏਕਤਾ ਪੱਕਾ ਕਰੋ। ਧਰਮ ਨਿਰਲੇਪਤਾ ਦੇ ਅਸੂਲ ਉਪਰ ਪਹਿਰਾ ਦਿਉ। ਸਾਮਰਾਜ ਦੀਆਂ ਚਾਲਾਂ ਨੂੰ ਪਛਾਣੋ ਅਤੇ ਉਨ੍ਹਾਂ ਨੂੰ ਹਾਰ ਦੇਵੋ।

ਜਲ੍ਹਿਆਂਵਾਲਾ ਬਾਗ ਸਾਨੂੰ ਏਕਤਾ, ਧਰਮ ਨਿਰਲੇਪਤਾ ਅਤੇ ਸਾਮਰਾਜ ਨੂੰ ਹਾਰ ਦੇਣ ਲਈ ਦ੍ਰਿੜਤਾ ਦੇ ਤਿੰਨ ਸੰਦੇਸ਼ ਦਿੰਦਾ ਰਹੇਗਾ।

*ਸੱਚੀ ਗੱਲ ਹੈ, ਕਿਸੇ ਵੀ ਨਜ਼ਮ ਅੰਦਰ,*
*ਸਾਰੇ ਸ਼ੇਅਰ ਕਮਾਲ ਦੇ ਨਹੀਂ ਹੁੰਦੇ।*

## ਹਰਭਜਨ ਹਲਵਾਰਵੀ ਦੀ ਮਾਤਾ ਅਤੇ ਭਰਾ ਹਾਦਸੇ ਵਿਚ ਚਲ ਵਸੇ

ਚੰਡੀਗੜ੍ਹ — 'ਪੰਜਾਬੀ ਟ੍ਰਿਬਿਊਨ' ਅਖਬਾਰ ਦੇ ਅਸਿਸਟੈਂਟ ਐਡੀਟਰ ਹਰਭਜਨ ਸਿੰਘ ਹਲਵਾਰਵੀ ਦੀ ਮਾਤਾ ਸ੍ਰੀਮਤੀ ਮੁਹਿੰਦਰ ਕੌਰ ਅਤੇ ਭਰਾ ਡਾਕਟਰ ਸੰਤੋਖ ਸਿੰਘ ਦਾ ਇਕ ਸੜਕ ਹਾਦਸੇ ਵਿਚ ਦਿਹਾਂਤ ਹੋ ਗਿਆ। ਸ੍ਰੀ ਹਲਵਾਰਵੀ ਇਸ ਹਾਦਸੇ ਵਿਚ ਜ਼ਖਮੀ ਹੋ ਗਏ। ਉਨ੍ਹਾਂ ਦੇ ਕੋਈ ਗੰਭੀਰ ਸੱਟ ਨਹੀਂ ਲੱਗੀ। ਹਾਦਸਾ ਕਰਨਾਲ ਤੋਂ ਕੁਝ ਮੀਲ ਦੂਰ ਪਿਪਲੀ ਲਾਗੇ ਵਾਪਰਿਆ ਜਦੋਂ ਉਨ੍ਹਾਂ ਦੀ ਕਾਰ ਦੀਆਂ ਬਰੇਕਾਂ ਫੇਲ੍ਹ ਹੋ ਗਈਆਂ ਅਤੇ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਸ੍ਰੀ ਹਲਵਾਰਵੀ ਆਪਣੇ ਵਿਦੇਸ਼ੀਂ ਵਸਦੇ ਭਰਾ ਨੂੰ ਹਵਾਈ ਜਹਾਜ਼ ਉਤੇ ਚੜ੍ਹਾ ਕੇ ਵਾਪਸ ਪਰਤ ਰਹੇ ਸਨ।

ਦੋਹਾਂ ਮ੍ਰਿਤਕਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਨਾਲ ਦੇ ਹਸਪਤਾਲ ਵਿਚ ਕੀਤਾ ਗਿਆ। ਸਸਕਾਰ ਗੁਰਸੁਰ ਸੁਧਾਰ ਕੀਤਾ ਗਿਆ।

'ਕੈਨੇਡਾ ਦਰਪਣ' ਹਰਭਜਨ ਹਲਵਾਰਵੀ ਹੋਰਾਂ ਦੇ ਦੁੱਖ ਵਿਚ ਸ਼ਾਮਲ ਹੈ।

### ਫੀਨਿਕਸ ਤੇ ਪ੍ਰੋਮਿਥੀਅਸ ਦਾ ਮਤਾ

ਸਾਨੂੰ ਸਾੜ ਕੇ ਸੁਆਹ ਤੇ ਮਿੱਟੀ ਕਰਨ ਵਾਲਿਓ
ਉਪਰ ਵਾਲਿਆਂ ਦੇ ਹੁਕਮ ਤੇ
ਸਾਡਾ ਕਾਲਜਾ ਛਿਲਣ ਵਾਲਿਓ ਬਾਜ਼ੋ
ਅਸੀਂ ਚਾਨਣ ਚੁਰਾਉਣ ਵਾਲੇ ਨਹੀਂ ਖੋਹਣ ਵਾਲੇ ਹਾਂ
ਆਪਣੀ ਸੁਆਹ ਵਿਚੋਂ ਮੁੜ ਅਸੀਂ ਜੰਮਾਂਗੇ
ਸਾਡਾ ਕਾਲਜਾ ਰਾਤੋਂ ਰਾਤੀ ਮੁੜ ਆਪਣੀ ਥਾਂ ਤੇ ਆ ਪਸਰੇਗਾ


TICKETS TO ANYWHERE

GABA TRAVELS

VAISAKHI GREETINGS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

GABA TRAVELS
6612, MAIN ST. VANCOUVER, B. C.
Phone 324-3336



# ਫ਼ਿਲਮ-ਲੋਕ



## ਫਿਲਮ ਲੋਕ

**ਸ਼ਮਸ਼ੇਰ ਸਿੰਘ ਸੰਧੂ**

"ਲੈਲਾ ਮਜਨੂੰ" ਫਿਲਮ ਨਾਲ ਮਸ਼ਹੂਰ ਹੋਈ ਐਕਟਰੈਸ ਰਣਜੀਤਾ ਹਰ ਦੂਜੇ-ਚੌਥੇ ਦਿਨ ਅਭਿਨੇਤਾ ਅਕਬਰ ਖਾਨ ਨਾਲ ਆਪਣੇ ਸੱਚੇ-ਮੁੱਚੇ ਪਿਆਰ ਦਾ ਢੋਲ ਵਜਾਉਣ ਲੱਗ ਪੈਂਦੀ ਹੈ। ਅਕਬਰ ਖਾਨ ਵੀ ਹਿੱਕ ਠੋਕ ਕੇ ਆਖਦਾ ਹੈ ਕਿ ਰਣਜੀਤਾ ਨਾਲ ਉਸ ਦਾ ਹਕੀਕੀ ਇਸ਼ਕ ਹੈ ਤੇ ਉਨ੍ਹਾਂ ਦਾ ਜਨਮ-ਜਨਮ ਦਾ ਸਾਥ ਹੈ। ਰਣਜੀਤਾ ਕਹਿੰਦੀ ਹੈ, "ਅਕਬਰ ਖਾਨ ਮੇਰਾ ਪ੍ਰੇਮੀ ਸੀ, ਪ੍ਰੇਮੀ ਹੈ ਤੇ ਪ੍ਰੇਮੀ ਰਹੇਗਾ। ਮੈਂ ਆਖਰੀ ਸਾਹਾਂ ਤੱਕ ਉਸੇ ਦੀ ਇੰਤਜ਼ਾਰ ਕਰਾਂਗੀ। ਉਹ ਮੇਰਾ ਹੈ, ਮੈਂ ਉਸ ਦੀ ਹਾਂ। ਭਾਵੇਂ ਤਨ ਉਪਰ ਮੇਰਾ ਕੋਈ ਵਸ ਨਾ ਚੱਲੇ ਪਰ ਮੇਰੀ ਰੂਹ ਅਕਬਰ ਖਾਨ ਦੀ ਅਮਾਨਤ ਹੈ ....।" ਅਖੇ —

ਗਾਂ ਤੇਰਿਆਂ ਹੱਥਾਂ 'ਤੇ ਪੈ ਗਈ
ਮਿੱਤਰਾ ਦੁੱਧ ਪੀਣਿਆ।

● ਡਿੰਪਲ ਕਾਪਡੀਆ ਤੇ ਰਾਜੇਸ਼ ਖੰਨਾ ਦੀ ਵੱਡੀ ਧੀ ਟਵਿੰਕਲ ਤੇਜ਼ੀ ਨਾਲ ਵੱਡੀ ਹੋ ਰਹੀ ਹੈ। ਉਹ ਡਿੰਪਲ ਕੋਲ ਰਹਿੰਦੀ ਹੈ ਤੇ ਕਦੇ ਕਦੇ ਆਪਣੇ ਡੈਡੀ ਰਾਜੇਸ਼ ਖੰਨਾ ਨੂੰ ਵੀ ਮਿਲਣ ਚਲੀ ਜਾਂਦੀ ਹੈ। ਟਵਿੰਕਲ ਦੇ ਪਾਲਣ-ਪੋਸਣ ਵਿਚ ਡਿੰਪਲ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਸੱਤ ਸਮੁੰਦਰੋਂ ਪਾਰ ਦੀਆਂ ਚੀਜ਼ਾਂ ਉਸ ਨੂੰ ਲਿਆ ਕੇ ਦਿੰਦੀ ਹੈ। ਪਰ ਟਵਿੰਕਲ ਦੇ ਇਕ ਰੀਝ ਭਰੇ ਖਿਆਲ ਨੇ ਮਾਂ ਡਿੰਪਲ ਕਪਾਡੀਆ ਦੀ ਨੀਂਦ-ਹਰਾਮ ਕਰ ਦਿੱਤੀ ਹੈ ਕਿ ਉਹ ਵੱਡੀ ਹੋ ਕੇ ਫਿਲਮਾਂ 'ਚ ਕੰਮ ਕਰੇਗੀ। ਡਿੰਪਲ ਚਾਹੁੰਦੀ ਹੈ ਕਿ ਉਹਦੀ ਧੀ ਖੁਦਗਰਜ਼ੀ ਨਾਲ ਨੱਕੋ ਨੱਕ ਭਰੀ ਇਸ ਫਿਲਮੀ ਦੁਨੀਆਂ ਤੋਂ ਦੂਰ ਰਹੇ ਤੇ ਵੱਡੀ ਹੋ ਕੇ ਕੋਈ ਹੋਰ ਖੇਤਰ ਚੁਣੇ। ਡਿੰਪਲ ਸੋਚ ਰਹੀ ਹੈ ਕਿ ਟਵਿੰਕਲ ਨੂੰ ਹੁਣੇ ਤੋਂ ਬੰਬਈਓਂ ਦੂਰ ਕਿਸੇ ਦੁਰੇਡੇ ਸਕੂਲ ਵਿਚ ਪੜ੍ਹਨ ਪਾ ਦਿੱਤਾ ਜਾਵੇ। ਇਸ ਮਾਮਲੇ 'ਚ ਰਾਜੇਸ਼ ਖੰਨਾ ਵੀ ਆਪਣੇ ਅਨੁਭਵਾਂ ਦੇ ਅਧਾਰ 'ਤੇ ਇਹੋ ਇੱਛਾ ਰਖਦਾ ਹੈ ਕਿ ਟਵਿੰਕਲ ਵੱਡੀ ਹੋ ਕੇ ਫਿਲਮ ਐਕਟਰੈਸ ਨਾ ਬਣੇ। ਜੇ ਸੱਚਮੁੱਚ ਉਹ ਇੰਜ ਚਾਹੁੰਦੇ ਸਨ ਤਾਂ ਰਾਜੇਸ਼ ਖੰਨਾ ਨੂੰ ਚਾਹੀਦਾ ਸੀ ਕਿ ਆਪਣੀ ਫਿਲਮ ਦਾ ਕਲੈਪ ਟਵਿੰਕਲ ਤੋਂ ਨਾ ਦਿਵਾਉਂਦਾ ਤੇ ਡਿੰਪਲ ਨੂੰ ਚਾਹੀਦਾ ਸੀ ਕਿ ਟਵਿੰਕਲ ਦੇ ਸਾਹਮਣੇ ਬੈਠ ਕੇ ਸਕਾਚਾਂ ਨਾ ਪੀਵੇ। ਅਜਿਹੇ ਮਾਹੌਲ ਨੇ ਟਵਿੰਕਲ ਦੇ ਬਾਲ-ਮਨ ਨੂੰ ਫਿਲਮਾਂ ਵੱਲ ਖਿੱਚਣਾ ਹੀ ਸੀ। ਅਖੇ —

ਸੁੱਖ ਨਾਲ ਨਈਂ ਸੌਣਗੇ ਮਾਪੇ,
ਚੰਦ ਕੁਰ ਨਾਂਅ ਰੱਖ ਕੇ।

● ਅਭਿਨੇਤਰੀ ਰੀਨਾ ਰਾਏ ਆਪਣੇ ਫਿਲਮ ਕੈਰੀਅਰ ਦੇ ਸਿਖਰ 'ਤੇ, ਪਾਕਿਸਤਾਨ ਦੇ ਕ੍ਰਿਕਟ ਖਿਡਾਰੀ ਮੋਹਸਿਨ ਖਾਨ ਨਾਲ ਨਿਕਾਹ ਕਰਾ ਕੇ ਪਾਕਿਸਤਾਨ ਚਲੀ ਗਈ ਸੀ। ਏਥੇ ਰਹਿੰਦਿਆਂ ਰੀਨਾ ਰਾਏ ਦੀ ਸ਼ਤਰੂਘਨ ਸਿਨਹਾ ਨਾਲ ਨੇੜਤਾ ਦੇ ਬੜੇ ਕਿੱਸੇ ਸੁਣਿਆ ਕਰਦੇ ਸਾਂ। ਰੀਨਾ ਰਾਏ ਹੁਣ ਵੀ ਮੰਨਦੀ ਹੈ, "ਸ਼ਤਰੂ ਦੀ ਜ਼ਿੰਦਗੀ ਵਿਚ ਮੈਂ ਉਸ ਦੀ ਸ਼ਾਦੀ ਦੇ ਬਾਅਦ ਪਹੁੰਚੀ ਹੁੰਦੀ ਤਾਂ ਮੈਂ ਖੁਸ਼ੀ ਖੁਸ਼ੀ ਸਾਰੀ ਉਮਰ "ਉਹ" ਬਣਕੇ ਬਿਤਾ ਦਿੰਦੀ ਪਰ ਸਾਡੇ ਕਈ ਸਾਲਾਂ ਦੇ ਪਿਆਰ ਪਿੱਛੋਂ ਸ਼ਤਰੂ ਨੇ ਇਕ ਹੋਰ ਲੜਕੀ ਨਾਲ ਸ਼ਾਦੀ ਕਰ ਲਈ। ਸਮਝਦਾਰੀ ਦੀ ਗੱਲ ਇਹੋ ਹੋ ਸਕਦੀ ਸੀ ਕਿ ਮੈਂ ਉਸ ਨੂੰ ਨਮਸਤੇ ਕਹਿ ਦਿੰਦੀ, ਇਸੇ ਤਰ੍ਹਾਂ ਮੈਂ ਕੀਤਾ ਵੀ।" ਰੀਨਾ ਰਾਏ ਸ਼ਰ੍ਹੇਆਮ ਆਖਦੀ ਹੈ ਕਿ ਉਹਦਾ ਪਤੀ ਭਾਵੇਂ ਮੋਹਸਿਨ ਖਾਨ ਹੈ ਪਰ ਉਹਦਾ ਪਹਿਲਾ ਪਿਆਰ ਸ਼ਤਰੂਘਨ ਹੀ ਹੈ। ਉਹ ਜਦੋਂ ਬੰਬਈ ਆਉਂਦੀ ਹੈ ਤਾਂ ਸ਼ਤਰੂ ਨੂੰ ਮਿਲੇ ਬਗੈਰ ਨਹੀਂ ਰਹਿ ਸਕਦੀ ਤੇ ਸ਼ਤਰੂਘਨ ਵੀ ਪਾਕਿਸਤਾਨ ਫੇਰੀ ਦੌਰਾਨ ਜ਼ਿਆ ਤੋਂ ਬਾਅਦ ਸਿੱਧਾ ਰੀਨਾ ਰਾਏ ਨੂੰ ਮਿਲਦਾ ਹੈ। ਰੀਨਾ ਰਾਏ ਦੇ ਦਿਲ ਉਤੇ ਕੱਚੀ ਉਮਰੇ ਪਿਆਰ ਦੇ ਉਭਰੇ ਹਰਫਾਂ ਨੂੰ ਕੌਣ ਮੇਟੇ? ਅਖੇ —

ਅੱਧੀ ਤੇਰੀ ਆਂ ਮੁਲ੍ਹਾਜੇਦਾਰਾ,
ਅੱਧੀ ਆਂ ਗਰੀਬ ਜੱਟ ਦੀ।

● ਆਲ ਇੰਡੀਆ ਫਿਲਮ ਪ੍ਰੋਡਿਊਸਰਜ਼ ਕੌਂਸਲ ਵਲੋਂ ਸੈਂਸਰ ਬੋਰਡ ਦਾ ਬਾਈਕਾਟ ਖਤਮ ਹੋ ਗਿਆ ਹੈ ਤੇ ਬੋਰਡ ਨੇ ਪ੍ਰੋਡਿਊਸਰਾਂ ਦੀਆਂ ਮੰਗਾਂ ਮੰਨ ਲਈਆਂ ਹਨ।

ਪ੍ਰੋਡਿਊਸਰਾਂ ਦਾ ਗਿਲਾ ਸੀ ਕਿ ਸੈਂਸਰ ਬੋਰਡ ਦਾ ਬਿਰਕਮ ਸਿੰਘ ਸਨਕੀ ਸੁਭਾਅ ਦਾ ਹੋਣ ਕਰਕੇ ਅਕਸਰ ਖਰਾਬ ਕਰਦਾ ਹੈ, ਫਿਲਮਾਂ ਨੂੰ ਸਰਟੀਫਿਕੇਟ ਦੇਣ 'ਚ ਖਾਹਮਖਾਹ ਦੀ ਦੇਰੀ ਕਰ ਦਿੰਦਾ ਹੈ ਤੇ ਇਕੋ ਕਿਸਮ ਦੀਆਂ ਫਿਲਮਾਂ ਪ੍ਰਤੀ ਦੂਹਰਾ ਮਾਪਦੰਡ ਅਪਣਾਉਂਦਾ ਹੈ। ਪ੍ਰੋਡਿਊਸਰਾਂ ਨੇ ਜਦੋਂ ਪਹਿਲੀ ਵਾਰ ਬਾਈਕਾਟ ਦੀ ਧਮਕੀ ਦਿੱਤੀ ਸੀ ਤਾਂ ਪ੍ਰਧਾਨ ਨੇ ਆਖ ਦਿੱਤਾ ਸੀ, "ਜਾਓ ਕਰ ਲਓ ਜੋ ਕਰਨਾ, ਮੈਂ ਨਹੀਂ ਕਿਸੇ ਤੋਂ ਡਰਦਾ।" ਪ੍ਰੋਡਿਊਸਰਾਂ ਨੇ ਸੰਸਦ ਮੈਂਬਰ ਅਮਿਤਾਭ ਬਚਨ ਨੂੰ ਨਾਲ ਲੈ ਕੇ ਕੇਂਦਰੀ ਮੰਤਰੀ ਪੀ. ਵੀ. ਨਰਸਿਮਹਾ ਰਾਓ ਤੇ ਕੇਂਦਰੀ ਰਾਜ ਮੰਤਰੀ ਵੀ. ਐਨ. ਗਾਡਗਿੱਲ ਕੋਲ ਆਪਣਾ ਪੱਖ ਪੇਸ਼ ਕੀਤਾ। ਵਫਦ ਵਿਚ ਰਾਮਰਾਜ ਨਾਹਟਾ, ਬੀ. ਆਰ. ਚੋਪੜਾ, ਸੁਲਤਾਨ ਅਹਿਮਦ ਤੇ ਸੁਬੋਧ ਮੁਖਰਜੀ ਸ਼ਾਮਿਲ ਸਨ। ਦੋਹਾਂ ਧਿਰਾਂ ਵਿਚ ਪਹਿਲੀ ਲੜਾਈ ਸ੍ਰੀਰਾਮ ਬੋਹਰਾ ਦੀ ਫਿਲਮ "ਔਰਤ" ਉਪਰ ਲਗਾਏ ਕੱਟ ਤੋਂ ਪੈਦਾ ਹੋਈ। ਹੁਣ ਜਦੋਂ ਪ੍ਰੋਡਿਊਸਰਾਂ ਦੀ ਏਕਤਾ ਤੇ ਦ੍ਰਿੜਤਾ ਅੱਗੇ ਚੇਅਰਮੈਨ ਬਿਕਰਮ ਸਿੰਘ ਝੁਕ ਗਿਆ ਹੈ ਤਾਂ ਉਸ ਭਰੋਸਾ ਦਿਵਾਇਆ ਹੈ ਕਿ ਸਰਟੀਫਿਕੇਟ ਦੇਣ 'ਚ ਅੱਗੋਂ ਤੋਂ ਦੇਰੀ ਨਹੀਂ ਹੋਇਆ ਕਰੇਗੀ, ਕਿਸੇ ਫਿਲਮ ਨੂੰ ਬਿਨਾਂ ਵਜ੍ਹਾ ਸੋਧ-ਕਮੇਟੀ ਕੋਲ ਨਹੀਂ ਭੇਜਿਆ ਜਾਵੇਗਾ ਤੇ ਰਜਿਸਟਰਡ ਹੋਈਆਂ ਫਿਲਮਾਂ ਦੇ ਨਾਵਾਂ ਉਪਰ ਇਤਰਾਜ਼ ਨਹੀਂ ਕੀਤਾ ਜਾਵੇਗਾ। ਪ੍ਰੋਡਿਊਸਰਾਂ ਕੋਲ ਵੱਡੀ ਤੇ ਠੋਸ ਦਲੀਲ ਇਹ ਸੀ ਕਿ ਜਿਸ ਅਧਾਰ 'ਤੇ ਰਾਜ ਕਪੂਰ ਦੀ "ਰਾਮ ਤੇਰੀ ਗੰਗਾ ਮੈਲੀ" ਨੂੰ ਸੈਂਸਰ ਬੋਰਡ ਨੇ ਸਰਟੀਫਿਕੇਟ ਦਿੱਤਾ ਸੀ, ਉਸੇ ਆਧਾਰ 'ਤੇ ਦੂਜੇ ਪ੍ਰੋਡਿਊਸਰਾਂ ਦੀਆਂ ਫਿਲਮਾਂ ਨੂੰ ਪਾਸ ਕੀਤਾ ਜਾਵੇ। ਪਰ ਚੇਅਰਮੈਨ ਨੇ ਇਸ ਮਾਮਲੇ 'ਚ ਆਪਣੇ ਆਪ ਨੂੰ ਬਚਾਉਂਦਿਆਂ ਆਖ ਦਿਤਾ ਕਿ ਉਸ ਨੇ ਖੁਦ ਰਾਜ ਕਪੂਰ ਦੀ ਫਿਲਮ ਨੂੰ ਨਹੀਂ ਸੀ ਦੇਖਿਆ ਤੇ ਨਾ ਹੀ ਸਿੱਪੀਆਂ ਦੀ "ਸਾਗਰ" ਫਿਲਮ ਨੂੰ ਦੇਖਿਆ ਸੀ ਪਰ ਸਾਰੇ ਜਾਣਦੇ ਸਨ ਕਿ ਰਾਜ ਕਪੂਰ ਪ੍ਰਤੀ ਬਿਕਰਮ ਸਿੰਘ ਨੇ ਗਿਣਮਿਥ ਕੇ ਨਰਮ ਰਵੱਈਆ ਰੱਖਿਆ ਸੀ। ਹੁਣ ਪ੍ਰੋਡਿਊਸਰ ਬਾਗੋਬਾਗ ਹਨ ਕਿ ਉਨ੍ਹਾਂ ਸੈਂਸਰ ਬੋਰਡ ਦੇ ਚੇਅਰਮੈਨ ਦੀ ਧੌਣ 'ਚੋਂ ਆਕੜ ਦਾ ਕਿੱਲਾ ਕੱਢ ਦਿਤਾ ਹੈ। ਅਖੇ —

ਤੇਰੇ ਯਾਰ ਦੀ ਲੁਆ 'ਤੀ ਗੋਡੀ,
ਬੋਤੇ ਆਂਗੂੰ ਬੁੱਕਦਾ ਸੀ।

● ਧਰਮਿੰਦਰ ਦੀ ਦੂਜੀ ਪਤਨੀ ਹੇਮਾ ਮਾਲਿਨੀ ਦੋ ਧੀਆਂ ਵਾਲੀ ਹੋ ਗਈ ਹੈ। ਹੇਮਾ ਦੀਆਂ ਦੋ ਰੀਝਾਂ ਤਾਂ ਪੂਰੀਆਂ ਹੋ ਚੁੱਕੀਆਂ ਹਨ ਕਿ ਉਹ ਮਾਂ ਅਖਵਾਉਣ ਦੀ ਹੱਕਦਾਰ ਹੋ ਗਈ ਹੈ ਤੇ ਆਪਣੇ ਆਪ ਨੂੰ ਵਿਆਹੁਤਾ ਪਤੀ-ਬਰਤਾ ਔਰਤ ਕਹਿਲਾਉਂਦੀ ਹੈ। ਪਰ ਉਹਦੀ ਇਕ ਹੋਰ ਪ੍ਰਬਲ ਇੱਛਾ ਵੀ ਹੈ ਕਿ "ਪੁੱਤ ਦੀ ਮਾਂ ਬਣਾਂ।" ਇਸ ਲਈ ਹੇਮਾ ਮਾਲਿਨੀ ਨੇ ਭਾਰਤੀ ਨਾਰੀ ਦੇ ਸੰਕਲਪ ਨੂੰ ਕਾਇਮ ਰੱਖਦਿਆਂ ਤੇ "ਪੁੱਤੀਂ ਗੰਢ ਪਵੇ ਸੰਸਾਰ" 'ਚ ਵਿਸ਼ਵਾਸ਼ ਰੱਖਦੇ ਹੋਏ ਤੀਜਾ ਬੱਚਾ ਪੈਦਾ ਕਰਨ, ਦਾ ਵੀ ਮਨ ਬਣਾ ਲਿਆ ਹੈ। ਧਰਮਿੰਦਰ ਨੇ ਇਸ ਸਬੰਧ 'ਚ ਹੇਮਾ ਮਾਲਿਨੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਅਖੇ —

ਪੱਗ ਪਾੜ ਕੇ ਬਣਾ ਦੂੰ ਪੋਤੜੇ
ਤੂੰ ਇਕ ਮੁੰਡਾ ਜੰਮ ਗੋਰੀਏ।



ਪੰਜਾਬੀ ਫਿਲਮ "ਨਖੱਟੂ" ਦੇ ਗੀਤਾਂ ਦੀ ਬੰਬਈ 'ਚ ਰਿਕਾਰਡਿੰਗ ਸਮੇਂ (ਖੱਬਿਓਂ) ਪਿਠਵਰਤੀ ਗਾਇਕ ਮਹਿੰਦਰ ਕਪੂਰ, ਨਿਰਦੇਸ਼ਕ ਜੇ. ਐਸ. ਲਿਖਾਰੀ, ਨਿਰਮਾਤਾ ਮੁਕੇਸ਼ ਸ਼ਰਮਾ, ਗਾਇਕਾ ਸਵਿਤਾ ਸਾਥੀ ਤੇ ਸੰਗੀਤਕਾਰ ਅਤੁਲ ਸ਼ਰਮਾ। ਫਿਲਮ 'ਚ ਮੇਹਰ ਮਿੱਤਲ ਤੇ ਵਿਜੈ ਟੰਡਨ ਖਾਸ ਭੂਮਿਕਾ ਨਿਭਾਉਣਗੇ।



ਜਿਹੜਾ ਚੰਨਾ ਲਾ ਤੂੰ ਗਇਉਂ, ਉਸ ਰੋਗ ਦਾ ਨਾਂ ਕੋਈ ਨਾ ਹੇਮਾ ਮਾਲਿਨੀ ਫਿਲਮ "ਏਕ ਚਾਦਰ ਮੈਲੀ ਸੀ" ਵਿਚ।




ਦਲਜੀਤ ਸਿੰਘ ਸਿੱਧੂ

**S. & S. INSURANCE**

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**



ਹਰਦੇਵ ਸਿੰਘ ਗਿੱਲ

324-5711

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਤੇ ਕਸੈਟ ਟੇਪ

ਐਡਮਿੰਟਨ — ਖਬਰ ਮਿਲੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਦੀ ਇਕ ਕਸੈਟ ਟੇਪ ਬੱਚਿਆਂ ਵਾਸਤੇ ਬਣ ਕੇ ਤਿਆਰ ਹੋ ਗਈ ਹੈ। 90 ਮਿੰਟ ਦੀ ਇਹ ਟੇਪ ਅੰਗਰੇਜ਼ੀ ਵਿਚ ਹੈ ਤੇ ਇਸ ਵਿਚ ਗੁਰੂ ਸਾਹਿਬ ਦੀ ਜ਼ਿੰਦਗੀ ਤੋਂ ਇਲਾਵਾ ਉਹਨਾਂ ਦੀਆਂ ਸ਼ਿਖਸ਼ਾਵਾਂ ਨੂੰ ਬੜੇ ਹੀ ਸੋਹਣੇ ਢੰਗ ਨਾਲ ਇਕ ਉਘੇ ਅੰਗਰੇਜ਼ ਕਹਾਣੀਕਾਰ ਕੋਲੋਂ ਭਰਵਾਇਆ ਗਿਆ ਹੈ। ਇਸ ਧਰਮ ਕਾਰਜ ਦਾ ਬੀੜਾ ਮਿਸਿਜ਼ ਵੀਨੂੰ ਕੁਲਵਿੰਦਰ ਸਿੰਘ ਨੇ ਚੁਕਿਆ ਹੈ। ਇਹ ਕਈ ਸਕੂਲਾਂ ਦੇ ਪ੍ਰਿੰਸੀਪਲ ਰਹਿ ਚੁਕੇ ਹਨ ਤੇ ਪੜ੍ਹਾਈ ਵਿਚ ਕਈ ਵੇਰ ਨੈਸ਼ਨਲ ਅਵਾਰਡ ਲੈ ਚੁਕੇ ਹਨ।

ਇਸ ਟੇਪ ਨੂੰ ਵਿਦੇਸ਼ਾਂ ਵਿਚ ਰਹਿੰਦਿਆਂ ਬੱਚਿਆਂ ਵਾਸਤੇ ਖਾਸ ਤੌਰ ਤੇ ਤਿਆਰ ਕੀਤਾ ਗਿਆ ਹੈ ਤਾਂ ਕਿ ਉਹ ਆਪਣੇ ਧਰਮ ਬਾਰੇ, ਆਵਾਜ਼ ਦੀ ਰਾਹੀਂ, ਹੋਰ ਜਾਣਕਾਰੀ ਪ੍ਰਾਪਤ ਕਰ ਸਕਣ ਤੇ ਆਪਣੇ ਅੰਗਰੇਜ਼ ਦੋਸਤਾਂ ਨੂੰ ਸੁਣਾ ਕੇ ਜਾਂ ਪ੍ਰਜ਼ੈਂਟ ਦੇ ਕੇ ਉਹਨਾਂ ਦਾ ਸਿਖ ਧਰਮ ਬਾਰੇ ਗਿਆਨ ਵਧਾ ਸਕਣ।

ਐਡਮਿੰਟਨ ਦੀਆਂ ਸੰਗਤਾਂ ਤੇ ਉਥੋਂ ਦੇ ਬੱਚਿਆਂ ਨੇ ਇਸ ਟੇਪ ਵਿਚੋਂ ਦੋ ਸਾਖੀਆਂ ਆਪਣੇ ਲੋਕਲ ਰੇਡੀਓ ਸਟੇਸ਼ਨ ਰਾਹੀਂ ਸੁਣੀਆਂ ਤੇ ਬਹੁਤ ਹੀ ਸ਼ਲਾਘਾ ਕੀਤੀ।

ਪਤਾ ਲੱਗਾ ਹੈ ਕਿ ਇਹ ਆਪਣੀ ਸੀਰੀਜ਼ ਦੀ ਪਹਿਲੀ ਟੇਪ ਹੈ ਤੇ ਆਣ ਵਾਲਿਆਂ ਬੱਚਿਆਂ ਵਾਸਤੇ ਟੇਪਾਂ ਹੋਰ ਗੁਰੂਆਂ ਦੇ ਜੀਵਨ ਤੇ, ਅਤੇ ਸਿਖ ਇਤਿਹਾਸ ਬਾਰੇ ਹੋਣਗੀਆਂ।

ਜੇ ਕੋਈ ਸੱਜਣ, ਧਾਰਮਕ ਸੰਸਥਾ ਜਾਂ ਕੋਈ ਗੁਰਦੁਆਰਾ ਕਮੇਟੀ ਇਨ੍ਹਾਂ ਟੇਪਾਂ ਨੂੰ ਲਾਗਤ ਕੀਮਤ ਤੇ ਲੈ ਕੇ ਅਗੋਂ ਬਚਿਆਂ ਵਿਚ ਧਰਮ ਪਰਚਾਰ ਲਈ ਵੰਡਣਾ ਚਾਹੇ ਤਾਂ ਉਹ ਚਿਠੀ ਪੱਤਰ ਜਾਂ ਫੋਨ ਕਰੋ :—

BAIKUNTH INTERNATIONAL CANADA
P.O.BOX 7187 STN. M
EDMONTON, ALBERTA T5E 5S9
CANADA
PH. (403)456-5492

ਇਕ ਟੇਪ ਦੀ ਕੀਮਤ ਹੈ — U.K. £3.50 : U.S.A. $4.50 (U.S.)
Canada $4.50 ਡਾਕ ਖਰਚ ਸਮੇਤ

ਹਰ ਉਮਰੇ ਕਿਉਂ ਕੂੜ ਸਿੰਘਾਸਣ ਬਹਿੰਦਾ ਹੈ,
ਹਰ ਰੁੱਤੇ ਕਿਉਂ ਸੱਚ ਹੀ ਸੂਲੀ ਚੜ੍ਹਦਾ ਹੈ?
ਤੇਜ਼ ਹਵਾ ਜਦ ਇਸ ਨੂੰ ਅੱਗੋਂ ਰੋਕਦੀ ਹੈ,
ਸ਼ਿਕਰਾ-ਪੁੱਤਰ ਹੋਰ ਉਚੇਰਾ ਉਡਦਾ ਹੈ।

# ਖਾਲਸਾ ਪੰਥ ਤੇ ਸਿੱਖ ਕੌਮ

**ਜੁਗਿੰਦਰ ਸਿੰਘ ਮਾਹਿਲ**

ਪਿਛਲੇ ਇਕ ਦੋ ਸਾਲਾਂ ਦੌਰਾਨ ਅਖਬਾਰਾਂ, ਰਸਾਲਿਆਂ ਅਤੇ ਕਿਤਾਬਾਂ ਵਿਚ 'ਖਾਲਸਾ ਪੰਥ ਤੇ ਸਿੱਖ ਕੌਮ' ਵਾਰੇ ਬਹੁਤ ਕੁਝ ਲਿਖਿਆ ਗਿਆ। ਜੇ ਅਸੀਂ ਸਾਰੇ ਕੁਝ ਨੂੰ ਪੜ੍ਹ ਕੇ ਵਿਚਾਰੀਏ ਤਾਂ ਇਸ ਵਿਚੋਂ ਅੱਧੋਂ ਵੱਧ ਹਨੇਰਾ ਮਿਲਦਾ ਹੈ। ਮੇਰੇ ਵਾਂਗ ਹੋਰ ਵੀ ਕਈ ਲੋਕਾਂ ਦੇ ਦਿਲਾਂ ਵਿਚ ਸ਼ੰਕੇ ਪੈਦਾ ਹੋਏ ਹੋਣਗੇ ਕਿ ਅਸਲੀਅਤ ਕੀ ਹੈ ? ਕੀ ਸੱਚ ਮੁੱਚ ਹੀ 'ਸਿੱਖ ਕੌਮ ਹਿੰਦੂ ਕੌਮ ਦੇ ਖਿਲਾਫ ਹੈ ?' ਸਿੱਖ ਕੌਮ ਦਾ ਮੋਢੀ ਕੌਣ ਸੀ ? ਕੀ ਗੁਰੂ ਨਾਨਕ ਦੇਵ ਜੀ ਸਿਰਫ ਸਿੱਖਾਂ ਦੇ ਹੀ ਗੁਰੂ ਸਨ ? ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਪੰਥ ਬਣਾਉਣ ਦੀ ਕਿਉਂ ਲੋੜ ਪਈ ?

ਆਓ ਸਭ ਤੋਂ ਪਹਿਲਾਂ ਸਿੱਖ ਕੌਮ ਤੇ ਵਿਚਾਰ ਕਰੀਏ। ਇਕੋ ਜਿਹੇ ਰੀਤੀ ਰਿਵਾਜਾਂ, ਪਹਿਰਾਵੇ ਤੇ ਇਕ ਧਰਮ ਵਿਚ ਵਿਸ਼ਵਾਸ਼ ਕਰਨ ਵਾਲੇ ਲੋਕਾਂ ਨੂੰ ਇਕ ਕੌਮ ਦਾ ਨਾਂ ਦਿੱਤਾ ਜਾਂਦਾ ਹੈ। ਇਸ ਦੁਨੀਆਂ ਵਿਚ ਬਹੁਤ ਸਾਰੀਆਂ ਕੌਮਾਂ ਹਨ। ਜੋ ਧਰਮਾਂ ਫਿਰਕਿਆਂ ਤੇ ਦੇਸ਼ਾਂ ਦੇ ਨਾਂ ਤੇ ਜੀਉਂਦੀਆਂ ਹਨ। ਜਿਵੇਂ ਕਿ ਹਿੰਦੂ ਕੌਮ, ਸਿੱਖ ਕੌਮ, ਮੁਸਲਮਾਨ ਕੌਮ ਤੇ ਪੰਜਾਬੀ ਕੌਮ ਆਦਿਕ।

ਹੁਣ ਸਵਾਲ ਉਠਦਾ ਹੈ ਕਿ ਕੌਮਾਂ ਬਣਦੀਆਂ ਕਿਵੇਂ ਹਨ ? ਕਿਉਂਕਿ ਜਦ ਵੀ ਕੋਈ ਜੰਮਦਾ ਹੈ ਤਾਂ ਉਹ ਸਿਰਫ ਇਕ ਇਨਸਾਨ ਜੰਮਦਾ ਹੈ। ਬਾਅਦ ਵਿਚ ਭਾਵੇਂ ਜੋ ਕੁਝ ਮਰਜ਼ੀ ਬਣਦਾ ਫਿਰੇ। ਕਿਉਂਕਿ ਧਰਮਾਂ, ਕੌਮਾਂ, ਦੇਸ਼ ਆਦਿਕ ਨੂੰ ਇਨਸਾਨ ਬਣਾਉਂਦਾ ਹੈ ਨਾ ਕਿ ਇਹ ਸਭ ਇਨਸਾਨ ਨੂੰ। ਜਦ ਕਿ ਅਸੀਂ ਸਿੱਖ ਕੌਮ ਤੇ ਵਿਚਾਰ ਕਰ ਰਹੇ ਹਾਂ ਤਾਂ ਹੁਣ ਸਵਾਲ ਉਠਦਾ ਹੈ ਕਿ ਸਿੱਖ ਕੌਮ ਦੇ ਮੋਢੀ ਕੌਣ ਸਨ ? ਸਿੱਖ ਕੌਮ ਹੋਂਦ ਵਿਚ ਕਿਸ ਤਰ੍ਹਾਂ ਆਈ ?

ਆਮ ਲੋਕਾਂ ਵਿਚ ਇਹ ਚਰਚਾ ਹੈ ਕਿ ਸਿੱਖ ਕੌਮ ਦੇ ਮੋਢੀ ਗੁਰੂ ਨਾਨਕ ਦੇਵ ਸਨ ਪਰ ਇਹ ਪ੍ਰੀਭਾਸ਼ਾ ਬਿਲਕੁਲ ਗਲਤ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਤਾਂ ਧਰਮਾਂ ਦੇ ਖਿਲਾਫ ਸਨ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਧਰਮਾਂ ਦੇ ਠੇਕੇਦਾਰਾਂ ਨੂੰ ਲੋਕਾਂ ਵਿਚ ਗਲਤ ਤੇ ਫਿਰਕੂ ਭਾਵਨਾਂ ਦਾ ਪਰਚਾਰ ਕਰਦੇ ਦੇਖ ਕੇ ਕਿਹਾ ਸੀ 'ਨਾ ਮੈਂ ਹਿੰਦੂ ਨਾ ਮੈਂ ਮੁਸਲਮਾਨ।' ਮੈਂ ਤਾਂ ਇਕ ਇਨਸਾਨ ਹਾਂ ਜੋ ਇਸ ਦੁਨੀਆਂ ਤੇ ਚਾਰ ਦਿਨ ਜੀਉਣ ਆਇਆ ਹਾਂ। ਇਸਦੇ ਨਾਲ ਹੀ ਉਹਨਾਂ ਕਿਹਾ 'ਮਾਨਸ ਕੀ ਏਕ ਜਾਤ - ਪਹਿਚਾਨਬੋ" ਸਭ ਦੇਸ਼, ਧਰਮ, ਤੁਹਾਡੀ ਕਿਰਤ ਨੂੰ ਲੁਟਣ ਲਈ ਬਣਾਏ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਤੇ ਵੀ ਨਹੀਂ ਕਿਹਾ ਕਿ ਨਾ ਮੈਂ ਹਿੰਦੂ ਨਾ ਮੈਂ ਮੁਸਲਮਾਨ ਪਰ ਇਕ ਸਿੱਖ ਹਾਂ। ਸਗੋਂ ਗੁਰੂ ਸਾਹਿਬ ਨੇ ਜੋ ਕੁਝ ਵੀ ਕਿਹਾ ਸਾਰੀ ਦੁਨੀਆਂ ਦੇ ਭਲੇ ਲਈ ਕਿਹਾ। ਇਹੋ ਜਿਹੇ ਵਿਚਾਰਾਂ ਵਾਲੇ ਮਹਾਂਪੁਰਸ਼ ਨੂੰ ਸਿੱਖਾਂ ਦਾ ਪਹਿਲਾ ਗੁਰੂ ਜਾਂ ਸਿੱਖ ਧਰਮ ਦਾ ਮੋਢੀ ਕਹਿਣਾ ਬਿਲਕੁਲ ਗਲਤ ਹੈ।

ਪਿਛਲਾ ਇਤਿਹਾਸ ਦੇਖਣ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਦਾ ਸਵਿੰਧਾਨ "ਗੁਰੂ ਗਰੰਥ ਸਾਹਿਬ" ਗੁਰੂ ਅਰਜਨ ਦੇਵ ਜੀ ਨੇ ਲਖਵਾਇਆ ਤੇ ਭਾਈ ਗੁਰਦਾਸ ਨੇ ਲਿਖਿਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਵਿੰਧਾਨ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ।

ਹੁਣ ਸਾਨੂੰ ਇਸ ਵਾਰੇ ਸੋਚਣਾ ਪਵੇਗਾ ਕਿ ਸਿੱਖ ਕੌਮ ਦੇ ਮੋਢੀ ਗੁਰੂ ਅਰਜਨ ਦੇਵ ਜੀ ਨੂੰ ਕਹੀਏ ਜਾਂ ਗੁਰੂ ਗੋਬਿੰਦ ਸਿੰਘ ਜੀ ਨੂੰ। ਪਰ ਮੈਂ ਆਪਣੀ ਸੋਚਣੀ ਦੇ ਮੁਤਾਬਕ ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਦੇ ਮੋਢੀ ਕਹਾਂਗਾ। ਕਿਉਂਕਿ ਉਹਨਾਂ ਨੂੰ ਉਸ ਸਮੇਂ ਦੇ ਧਰਮਾਂ ਵਿਚ ਉਸ ਸਮਾਜ ਵਿਚ ਕੁਝ ਘਾਟਾਂ ਕੁਝ ਕਮੀਆਂ ਦਿਸੀਆਂ ਇਸੇ ਲਈ ਉਹਨਾਂ ਨੇ ਸੋਚਿਆ ਕਿ ਆਮ ਗਰੀਬ ਅਣਜਾਣ ਕਿਰਤੀ ਲੋਕਾਂ ਨੂੰ ਐਸਾ ਧਰਮ ਦਿਤਾ ਜਾਏ ਜਿਸ ਤੋਂ ਇਹ ਕੁਝ ਸਿਖਣ ਤੇ ਆਪਣੀ ਕਿਰਤ ਕਮਾਈ ਨੂੰ ਐਵੇਂ ਨਾ ਗਲਤ ਲੋਕਾਂ ਕੋਲ ਲਟਵਾਉਣ। ਇਹ ਸਭ ਕੁਝ ਸੋਚ ਕੇ ਉਹਨਾਂ ਗੁਰੂ ਗਰੰਥ ਸਾਹਿਬ ਭਾਈ ਗੁਰਦਾਸ ਜੀ ਕੋਲੋਂ ਲਿਖਵਾਇਆ ਤੇ ਲੋਕਾਂ ਨੂੰ ਉਹਨਾਂ ਅਸੂਲਾਂ ਤੇ ਚਲਣ ਲਈ ਪਰੇਰਿਆ ਜੋ ਉਹਨਾਂ ਗੁਰੂ ਗਰੰਥ ਸਾਹਿਬ ਵਿਚ ਲਿਖਵਾਏ। ਉਹਨਾਂ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰੂ ਗੱਦੀ ਤੇ ਬੈਠੇ ਉਸ ਵੇਲੇ ਜ਼ੁਲਮ ਦੀ ਅੱਤ ਹੋ ਰਹੀ ਸੀ। ਹਰ ਇਕ ਸਧਾਰਨ ਜੀਵ ਦੁਖੀ ਸੀ। ਲੋਕੀ ਜ਼ੁਲਮ ਤੋਂ ਇਤਨਾ ਤੰਗ ਆ ਚੁੱਕੇ ਸਨ ਕਿ ਕਿਸੇ ਵਿਚ ਸੱਚ ਨੂੰ ਸੱਚ ਕਹਿਣ ਦੀ ਹਿੰਮਤ ਨਹੀਂ ਸੀ। ਤਾਂ ਗੁਰੂ ਜੀ ਨੇ ਉਹਨਾਂ ਹੀ ਸਧਾਰਨ ਲੋਕਾਂ ਵਿਚੋਂ 'ਖਾਲਸਾ ਪੰਥ' ਦੀ ਇਕ ਫੌਜ ਤਿਆਰ ਕੀਤੀ ਅਤੇ ਉਸ ਫੌਜ ਲਈ ਕੰਘਾ, ਕੜਾ, ਕੱਛਾ, ਕਿਰਪਾਨ ਤੇ ਕੇਸ ਪੰਜ ਕਕਿਆਂ ਦੀ ਵਰਦੀ ਸਮੇਂ ਦੇ ਮੁਤਾਬਕ ਤਿਆਰ ਕੀਤੀ ਅਤੇ ਕਿਹਾ ਮੇਰੀ ਇਹ ਫੌਜ ਇਨਸਾਨੀਅਤ ਤੇ ਹੋਣ ਵਾਲੇ ਹਰ ਜ਼ੁਲਮ ਨਾਲ ਟੱਕਰ ਲਵੇਗੀ।

ਹੁਣ ਸਾਡੇ ਜਥੇਦਾਰਾਂ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਉਹ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਹੋਰ ਨਵੇਂ ਅਸੂਲ ਬਣਾਉਂਦੇ ਹਨ ਜਿਵੇਂ ਕਿ ਚਾਰ ਤਖਤਾਂ ਤੋਂ ਪੰਜ ਤਖਤ ਬਣਾਉਣੇ ਆਦਿਕ। ਇਸੇ ਤਰਾਂ ਉਹਨਾਂ ਨੂੰ ਖਾਲਸਾ ਪੰਥ ਦੀ ਪੰਜ ਕਕਿਆਂ ਵਾਲੀ ਵਰਦੀ ਨੂੰ ਵੀ ਸਮੇਂ ਦੇ ਮੁਤਾਬਕ ਬਦਲਣਾ ਚਾਹੀਦਾ ਹੈ। ਤਾਂ ਜੋ ਸਿੱਖ ਧਰਮ ਹੋਰ ਵੀ ਵੱਧ ਫੁਲ ਸਕੇ।

ਆਪਣੀ ਹੋਂਦ ਨਾਲੋਂ ਟੁੱਟਣ ਦੀ ਕਿਰਿਆ ਲਗਭਗ ਹਮੇਸ਼ਾ ਹੀ ਅੰਨ੍ਹੇ ਜਜ਼ਬਿਆਂ ਦੇ ਵਾਯੂ-ਮੰਡਲ ਵਿਚ ਜਨਮ ਲੈਂਦੀ ਹੈ। ਜਜ਼ਬਿਆਂ ਦਾ ਭੜਕਣਾ ਆਦਮੀ ਤੇ ਉਸ ਦੀ ਹੋਂਦ ਵਿਚਕਾਰ ਉਲਾਰ ਪੈਦਾ ਕਰਨ ਦਾ ਹੀ ਸਾਧਨ ਨਹੀਂ ਹੈ, ਉਹ ਆਪ ਅਜਿਹੇ ਉਲਾਰ ਦੀ ਪੈਦਾਵਾਰ ਵੀ ਹੈ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ !**

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ' ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ
ਮਲਕੀਤ ਸਿੰਘ ਪਰਹਾਰ
OFF.(604)733-1644
Res. 228- 0452

Malkit Singh Parhar
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇੰਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।
- ਜੇ ਤੁਹਾਡਾ ਕੋਈ ਕਿਸੇ ਇੰਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।
- ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*

# GURU BAZAAR

**6529 Main St. (49th Ave.)**
**Vancouver, B.C.**
**Ph. 327-4422**

ਵਲੋਂ

# ਸਭ ਪੰਜਾਬੀਆਂ ਨੂੰ

# ਵਿਸਾਖੀ ਦੀਆਂ

# ਸ਼ੁਭ ਇਛਾਵਾਂ

## ਦੋਵਾਂ ਸਟੋਰਾਂ ਉਤੇ ਵਿਸਾਖੀ ਦੀ ਖੁਸ਼ੀ ਵਿਚ ਸਪੈਸ਼ਲ ਸੇਲ ਹੋਵੇਗੀ

# ROKKO SAREES & FABRICS

**6201 FraserSt. (46th Ave.)**
**Vancouver, B.C.**
**Ph. 327-3033**